# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 17 * Issue 233

Daily Newspaper Tuesday, December 04, 2018 Tel: 905-793-2202 Fax: 905-793-2282 news@punjabipost.ca



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਟਰੂਡੋ ਦੀ ਭਾਰਤ ਫੇਰੀ ਦੌਰਾਨ ਅਟਵਾਲ ਦੀ ਮੌਜੂਦਗੀ ਬਾਰੇ ਪਤਾ ਹੋਣ ਦੇ ਬਾਵਜੂਦ ਚੁੱਪ ਰਹੀ ਆਰਸੀਐਮਪੀ : ਰਿਪੋਰਟ




ਓਟਵਾ, 3 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਫਰਵਰੀ ਵਿੱਚ ਕੀਤੇ ਗਏ ਭਾਰਤ ਦੌਰੇ ਦੌਰਾਨ ਗੰਭੀਰ ਮੁਜਰਮਾਨਾ ਰਿਕਾਰਡ ਤੇ ਹਿੰਸਕ ਇਤਿਹਾਸ ਵਾਲਾ ਵਿਅਕਤੀ ਜਸਪਾਲ ਅਟਵਾਲ ਵੀ ਹਾਜ਼ਰ ਹੋ ਸਕਦਾ ਹੈ, ਇਸ ਬਾਰੇ ਆਰਸੀਐਮਪੀ ਨੂੰ ਪਹਿਲਾਂ ਹੀ ਟਰੂਡੋ ਨੂੰ ਆਗਾਹ ਕਰ ਦੇਣਾ ਚਾਹੀਦਾ ਸੀ। ਇਹ ਖੁਲਾਸਾ ਪਾਰਲੀਆਮੈਂਟੇਰੀਅਨਜ਼ ਦੀ ਨੈਸ਼ਨਲ ਸਕਿਊਰਿਟੀ ਕਮੇਟੀ ਵੱਲੋਂ ਜਾਰੀ ਕੀਤੀ ਗਈ ਨਵੀਂ ਰਿਪੋਰਟ ਤੋਂ ਹੋਇਆ।

ਰਿਪੋਰਟ ਵਿੱਚ ਆਖਿਆ ਗਿਆ ਕਿ ਆਰਸੀਐਮਪੀ ਨੇ ਇਹ ਜ਼ਰੂਰੀ ਨਹੀਂ ਸਮਝਿਆ ਕਿ ਜਿਸ ਵਿਅਕਤੀ ਉੱਤੇ ਕਈ ਸਾਲ ਪਹਿਲਾਂ ਕਤਲ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਲੱਗ ਚੁੱਕੇ ਹਨ ਉਸ ਬਾਰੇ ਪ੍ਰਧਾਨ ਮੰਤਰੀ ਨਾਲ ਅਗਾਊਂ ਜਾਣਕਾਰੀ ਸਾਂਝੀ ਕੀਤੀ ਜਾਵੇ। ਇਹ ਰਿਪੋਰਟ ਸੋਮਵਾਰ ਨੂੰ ਪਾਰਲੀਆਮੈਂਟ ਵਿੱਚ ਪੇਸ਼ ਕੀਤੀ ਗਈ। ਰਿਪੋਰਟ ਵਿੱਚ ਆਖਿਆ ਗਿਆ ਕਿ ਸਰਕਾਰੀ ਏਜੰਸੀਆਂ ਕੋਲ ਵਿਦੇਸ਼ਾਂ ਵਿੱਚ ਹੋਣ ਵਾਲੇ ਈਵੈਂਟਸ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹੋਣ, ਦੌਰਾਨ ਮਹਿਮਾਨਾਂ ਦੀ ਸੂਚੀ ਦੀ ਪੜਤਾਲ ਕਰਨ ਲਈ ਕੋਈ ਠੋਸ ਸਿਸਟਮ ਹੀ ਨਹੀਂ ਹੈ। ਇਸ ਤੋਂ ਇਲਾਵਾ ਇਸ ਵਿੱਚ ਸੁਧਾਰ ਕਰਨ ਲਈ ਉਹ ਕੀ ਕਰ ਸਕਦੀਆਂ ਹਨ ਇਸ ਬਾਰੇ ਵੀ ਅਜੇ ਤੱਕ ਕੋਈ ਸਬਕ ਨਹੀਂ ਸਿੱਖਿਆ ਗਿਆ।

ਜ਼ਿਕਰਯੋਗ ਹੈ ਕਿ ਟਰੂਡੋ ਨੂੰ ਉਸ ਸਮੇਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਜਦੋਂ ਇਹ ਖੁਲਾਸਾ ਹੋਇਆ ਕਿ ਅਟਵਾਲ, ਜੋ ਕਿ ਬੀਸੀ ਦਾ ਸਿੱਖ ਵਿਅਕਤੀ ਹੈ, ਨੇ 1986 ਵਿੱਚ ਭਾਰਤ ਦੇ ਕਿਸੇ ਮੰਤਰੀ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ, ਨੂੰ ਪ੍ਰਧਾਨ ਮੰਤਰੀ ਦੇ ਦੋ ਈਵੈਂਟਸ ਵਿੱਚ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ। ਸਿੱਖਾਂ ਦੀ ਵੱਖਵਾਦੀ ਲਹਿਰ ਦੇ ਸਖ਼ਤ ਵਿਰੋਧੀ ਰਹੇ ਉੱਜਲ ਦੁਸਾਂਝ, ਜੋ ਕਿ ਬਾਅਦ ਵਿੱਚ ਬੀਸੀ ਦੇ ਪ੍ਰੀਮੀਅਰ ਬਣੇ ਤੇ ਫਿਰ ਫੈਡਰਲ ਲਿਬਰਲ ਕੈਬਨਿਟ ਮੰਤਰੀ, ਉੱਤੇ 1985 ਵਿੱਚ ਹਮਲਾ ਕਰਨ ਦੇ ਮਾਮਲੇ ਵਿੱਚ ਵੀ ਅਟਵਾਲ ਨੂੰ ਚਾਰਜ ਕੀਤਾ ਗਿਆ ਸੀ ਪਰ ਦੋਸ਼ੀ ਨਹੀਂ ਸੀ ਠਹਿਰਾਇਆ ਗਿਆ।

ਇਸ ਸਾਲ 20 ਫਰਵਰੀ ਨੂੰ ਮੁੰਬਈ ਵਿੱਚ ਹੋਏ ਇੱਕ ਸਮਾਰੋਹ ਦੌਰਾਨ ਅਟਵਾਲ ਟਰੂਡੋ ਦੀ ਪਤਨੀ ਤੇ ਇੱਕ ਕੈਬਨਿਟ ਮੰਤਰੀ ਨਾਲ ਵੀ ਨਜ਼ਰ ਆ ਰਿਹਾ ਹੈ। ਇੱਥੇ ਹੀ ਬੱਸ ਨਹੀਂ ਅਟਵਾਲ ਨੂੰ ਉਸ ਦੌਰਾਨ ਦਿੱਲੀ ਵਿੱਚ ਹੋਣ ਵਾਲੇ ਇੱਕ ਸਮਾਰੋਹ ਵਿੱਚ ਹਿੱਸਾ ਲੈਣ ਲਈ ਵੀ ਸੱਦਾ ਪੱਤਰ ਹਾਸਲ ਹੋਇਆ ਸੀ ਪਰ ਉਸ ਸਬੰਧ ਵਿੱਚ ਖਬਰ ਸਾਹਮਣੇ ਆਉਣ ਤੋਂ ਬਾਅਦ ਉਸ ਨੂੰ ਦਿੱਤਾ ਗਿਆ ਸੱਦਾ ਪੱਤਰ ਰੱਦ ਕਰ ਦਿੱਤਾ ਗਿਆ। ਕਮੇਟੀ ਦੀ ਰਿਪੋਰਟ ਵਿੱਚ ਆਖਿਆ ਗਿਆ ਕਿ ਮਾਊਂਟੀਜ਼ ਨੂੰ 13 ਫਰਵਰੀ ਨੂੰ ਹੀ ਇਹ ਜਾਣਕਾਰੀ ਸੀ ਕਿ ਅਟਵਾਲ ਟਰੂਡੋ ਦੇ ਭਾਰਤ ਦੌਰੇ ਦੌਰਾਨ ਹਾਜ਼ਰ ਰਹਿ ਸਕਦਾ ਹੈ। ਪਰ ਫਿਰ ਵੀ ਆਰਸੀਐਮਪੀ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਨਾ ਹੀ ਇਸ ਬਾਬਤ ਕਿਸੇ ਸੀਨੀਅਰ ਅਧਿਕਾਰੀ ਨੂੰ ਹੀ ਕੋਈ ਜਾਣਕਾਰੀ ਦਿੱਤੀ ਗਈ। ਬੰਦ ਦਰਵਾਜ਼ਾ ਗਵਾਹੀ ਦੌਰਾਨ ਆਰਸੀਐਮਪੀ ਨੇ ਆਪਣੀ ਇਹ ਗਲਤੀ ਮੰਨੀ।

# ਰੋਜ਼ਗਾਰ ਸੰਕਟ ਉੱਤੇ ਬਹਿਸ ਕਰਵਾਉਣ ਲਈ ਮਤਾ ਪੇਸ਼ ਕਰਨਗੇ ਟੋਰੀਜ਼



ਓਟਵਾ, 3 ਦਸੰਬਰ (ਪੋਸਟ ਬਿਊਰੋ) : 2018 ਵਿੱਚ ਵਿਰੋਧੀ ਧਿਰ ਲਈ ਨਿਰਧਾਰਤ ਆਖਰੀ ਦਿਨ ਫੈਡਰਲ ਕੰਜ਼ਰਵੇਟਿਵ ਦੇਸ਼ ਵਿੱਚ ਮੌਜੂਦ ਰੋਜ਼ਗਾਰ ਸੰਕਟ ਉੱਤੇ ਬਹਿਸ ਕਰਨ ਲਈ ਦਬਾਅ ਪਾ ਸਕਦੇ ਹਨ। ਇਸ ਤੋਂ ਇਲਾਵਾ ਵਿਰੋਧੀ ਧਿਰ ਅਜਿਹੇ ਮੁੱਦਿਆਂ ਉੱਤੇ ਵੋਟ ਕਰਨ ਲਈ ਦਬਾਅ ਪਾ ਸਕਦੀ ਹੈ ਜਿਨ੍ਹਾਂ ਉੱਤੇ ਜੇ ਕੰਜ਼ਰਵੇਟਿਵਾਂ ਨੂੰ ਸਮਰਥਨ ਮਿਲ ਜਾਂਦਾ ਹੈ ਤਾਂ ਲਿਬਰਲਾਂ ਦੀਆਂ ਕੁੱਝ ਅਹਿਮ ਆਰਥਿਕ ਤੇ ਵਾਤਾਵਰਣ ਸਬੰਧੀ ਨੀਤੀਆਂ ਨੂੰ ਵਾਢਾ ਲੱਗ ਸਕਦਾ ਹੈ।

ਟੋਰੀਜ਼ ਵੱਲੋਂ ਮੰਗਲਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਮਤੇ ਵਿੱਚ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ

- ਕਾਰਬਨ ਟੈਕਸ ਖਤਮ ਕੀਤਾ ਜਾਵੇ
- ਐਨਵਾਇਰਮੈਂਟਲ ਰੈਗੂਲੇਸ਼ਨ ਰਿਫੌਰਮਿੰਗ ਬਿੱਲ ਸੀ-69 ਰੱਦ ਕੀਤਾ ਜਾਵੇ
- ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਵਿਵਾਦ ਹੱਲ ਕੀਤਾ ਜਾਵੇ
- ਸਾਫਟਵੁੱਡ ਲੰਬਰ ਵਿਵਾਦ ਖਤਮ ਕੀਤਾ ਜਾਵੇ
- ਟੈਕਸ ਘਟਾਏ ਜਾਣ
- ਨਿਯਮਾਂ ਨੂੰ ਸੁਖਾਲਾ ਬਣਾਇਆ ਜਾਵੇ
- ਇੰਟਰਪ੍ਰੋਵਿੰਸ਼ੀਅਲ ਤੇ ਕੌਮਾਂਤਰੀ ਮਾਰਕਿਟਾਂ ਨੂੰ ਖੋਲ੍ਹਿਆ ਜਾਵੇ

ਹਾਊਸ ਆਫ ਕਾਮਨਜ਼ ਵਿੱਚ ਵਿਰੋਧੀ ਧਿਰ ਦੇ ਦਿਨ ਉਹ ਦਿਨ ਹੁੰਦੇ ਹਨ ਜਿੱਥੇ ਵਿਰੋਧੀ ਧਿਰਾਂ ਵਿੱਚੋਂ ਇੱਕ ਧਿਰ ਆਪਣੀ ਪਸੰਦ ਦੇ ਮੁੱਦਿਆਂ ਉੱਤੇ ਮਤਾ ਪੇਸ਼ ਕਰਦੀ ਹੈ ਤੇ ਐਮਪੀਜ਼ ਸਾਰਾ ਦਿਨ ਉਨ੍ਹਾਂ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਦੇ ਹਨ ਤੇ ਫਿਰ ਜਲਦ ਹੀ ਉਨ੍ਹਾਂ ਉੱਤੇ ਵੋਟ ਪਾਈ ਜਾਂਦੀ ਹੈ। ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਹਰ ਚੀਜ਼ ਉੱਤੇ ਟੈਕਸ ਲਾ ਦਿੱਤਾ ਹੈ। ਇਸ ਤੋਂ ਇਲਾਵਾ ਖੁੱਸ ਰਹੀਆਂ ਨੌਕਰੀਆਂ ਨੂੰ ਲੈ ਕੇ ਵੀ ਲੋਕ ਚਿੰਤਤ ਹਨ। ਲਿਬਰਲਾਂ ਦੀਆਂ ਆਰਥਿਕ ਨੀਤੀਆਂ ਅਸਫਲ ਰਹੀਆਂ ਹਨ। ਇਸ ਸਮੇਂ ਅਸੀਂ ਵੇਖ ਸਕਦੇ ਹਾਂ ਕਿ ਸਾਡੇ ਅਰਥਚਾਰੇ ਦੇ ਕਈ ਖੇਤਰ ਸੰਘਰਸ਼ ਕਰ ਰਹੇ ਹਨ।

# ਕੈਨੇਡੀਅਨ ਐਸਟਰੋਨੌਟ ਡੇਵਿਡ ਸੇਂਟ ਜੈਕੁਅਸ ਪੁਲਾੜ ਰਵਾਨਾ



ਬਾਇਕੋਨੂਰ, 3 ਦਸੰਬਰ (ਪੋਸਟ ਬਿਊਰੋ) : ਅੱਜ ਸਵੇਰੇ ਕੈਨੇਡੀਅਨ ਐਸਟਰੋਨੌਟ ਡੇਵਿਡ ਸੇਂਟ ਜੈਕੁਅਸ ਨੇ ਕਜ਼ਾਕਿਸਤਾਨ ਤੋਂ ਕੌਮਾਂਤਰੀ ਸਪੇਸ ਸਟੇਸ਼ਨ ਲਈ ਰੂਸੀ ਸੋਊਜ਼ ਰਾਕੇਟ ਉੱਤੇ ਉਡਾਨ ਭਰੀ। 48 ਸਾਲਾ ਡਾਕਟਰ ਤੇ ਐਸਟਰੋਨਾਟ ਨੇ ਬਾਇਕੋਨੂਰ ਕੌਸਮੋਡਰੋਮ ਤੋਂ ਨਾਸਾ ਦੇ ਐਨੇ ਮੈਕਲੇਨ ਤੇ ਰੂਸ ਦੀ ਸਪੇਸ ਏਜੰਸੀ, ਰੌਸਕੋਸਮੌਸ ਦੇ ਓਲੈੱਗ ਕੋਨੈਂਕੋ ਨਾਲ ਇਹ ਉਡਾਣ ਭਰੀ। ਕਜ਼ਾਕਿਸਤਾਨ ਤੋਂ ਭਰੀ ਗਈ ਇਹ ਉਡਾਨ ਬਿਲਕੁਲ ਸਹੀ ਰਹੀ। ਅਮਲੇ ਨੇ ਦੱਸਿਆ ਕਿ ਸ਼ੁਰੂਆਤੀ ਕੁੱਝ ਮਿੰਟਾਂ ਤੋਂ ਬਾਅਦ ਹੀ ਉਨ੍ਹਾਂ ਨੇ ਸੁਰੱਖਿਅਤ ਢੰਗ ਨਾਲ ਆਰਬਿਟ ਵਿੱਚ ਦਾਖਲਾ ਲੈ ਲਿਆ। ਅਕਤੂਬਰ ਵਿੱਚ ਸੋਊਜ਼ ਮਿਸ਼ਨ ਦੇ ਅਸਫਲ ਹੋਣ ਤੋਂ ਬਾਅਦ ਇਨਸਾਨ ਦੀ ਮੌਜੂਦਗੀ ਵਾਲਾ ਇਹ ਪਹਿਲਾ ਰੂਸੀ ਰਾਕੇਟ ਹੈ ਜਿਸ ਨੂੰ ਪੁਲਾੜ ਵਿੱਚ ਭੇਜਿਆ ਗਿਆ।

...ਬਾਕੀ ਪੰਨਾ 6 ’ਤੇ

# ਯੂਨੀਫੌਰ ਤੇ ਓਪੀਐਸਈਯੂ ਨੇ ਫੋਰਡ ਦੇ ਤਬਾਹਕੁੰਨ ਏਜੰਡੇ ਖਿਲਾਫ ਹੱਥ ਮਿਲਾਏ



ਟੋਰਾਂਟੋ, 3 ਦਸੰਬਰ (ਪੋਸਟ ਬਿਊਰੋ) : ਕੈਨੇਡਾ ਦੀਆਂ ਦੋ ਵੱਡੀਆਂ ਯੂਨੀਅਨਾਂ ਨੇ ਰਲ ਕੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਤਬਾਹਕੁੰਨ ਏਜੰਡੇ ਦੇ ਖਿਲਾਫ ਆਵਾਜ਼ ਉਠਾਉਣ ਦਾ ਫੈਸਲਾ ਕੀਤਾ ਹੈ। ਯੂਨੀਫੌਰ ਤੇ ਓਨਟਾਰੀਓ ਪਬਲਿਕ ਸਰਵਿਸ ਇੰਪਲਾਇਜ਼ ਯੂਨੀਅਨ (ਓਪੀਐਸਈਯੂ) ਦਰਮਿਆਨ ਇਹ ਸਮਝੌਤਾ ਫੋਰਡ ਦੀ ਉਸ ਟਿੱਪਣੀ, ਜਿਸ ਵਿੱਚ ਉਨ੍ਹਾਂ ਓਸ਼ਵਾ, ਓਨਟਾਰੀਓ ਵਿਚਲੇ ਜਨਰਲ ਮੋਟਰਜ਼ ਦੇ ਪਲਾਂਟ ਨੂੰ ਬੰਦ ਕਰਨ ਦੇ ਫੈਸਲੇ ਦੇ ਪੈਂਡਿੰਗ ਹੋਣ ਦੇ ਸਬੰਧ ਵਿੱਚ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਫੋਰਡ ਨੇ ਆਖਿਆ ਸੀ ਕਿ ਆਟੋਨਿਰਮਾਤਾ ਕੰਪਨੀ ਨੂੰ ਆਪਣਾ ਅਜਿਹਾ ਸਖ਼ਤ ਫੈਸਲਾ ਬਦਲਣ ਲਈ ਰਾਜ਼ੀ ਕਰਨ ਵਾਸਤੇ ਉਹ ਕੁੱਝ ਨਹੀਂ ਕਰ ਸਕਦੇ। ਕੰਪਨੀ ਦੇ ਪ੍ਰੈਜ਼ੀਡੈਂਟ ਨੇ ਉਨ੍ਹਾਂ ਨੂੰ ਦੱਸਿਆ ਕਿ ਬੇੜਾ ਪਹਿਲਾਂ ਹੀ ਡੌਕ ਛੱਡ ਚੁੱਕਿਆ ਹੈ।

...ਬਾਕੀ ਪੰਨਾ 6 ’ਤੇ


ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed



JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
Rakesh M. Joshi B.A., LL.B.
416-213-8600
6921 Steels Ave. W. Unit 11, Etobicoke, ON



INSURANCE
HOME | AUTO
BUSINESS | TRUCKING
R.E.S.P | COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1



AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axcel Insurance Brokers Ltd.



HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9



Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients



GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton



INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke



FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4



Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6



ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205



MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca



PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com



CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor



ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com



Canada Consumer Credit Assistance
ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7



SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca



Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392



Royal Pest Control
Residential Commercial Industrial
Specialist in Bedbugs Service
All Pest Control
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598



KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੱਰਨੀ, ਹਾਹਵਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## NEED A LAWYER ??

Red Seal NOTARY

## KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson** Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

## Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




## SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

## ਅੱਜ ਨਾਮਾ

ਮਰ ਗਈ ਗਊ ਤਾਂ ਪਿਆ ਹੈ ਨਵਾਂ ਰੱਟਾ,
ਲੋਕੀਂ ਆਪਸ ਦੇ ਵਿੱਚ ਹਨ ਲੜਨ ਲੱਗੇ।
ਪੱਥਰਬਾਜ਼ਾਂ ਦੀ ਫੌਜ ਸਰਗਰਮ ਹੋ ਗਈ,
ਲੱਗੀਆਂ ਅੱਗਾਂ ਤੇ ਘਰ ਕੁਝ ਸੜਨ ਲੱਗੇ।
ਹਰ ਕੋਈ ਦੂਜੇ ਦਾ ਸਭ ਕਸੂਰ ਕਹਿੰਦਾ,
ਘਾੜਤਾਂ ਆਪਣੇ ਪੱਖ ਵਿੱਚ ਘੜਨ ਲੱਗੇ।
ਪੁਲਸ ਵਾਲੇ ਵੀ ਨਹੀਂ ਨਿਰਪੱਖ ਰਹਿੰਦੇ,
ਪੱਖ-ਪਾਤੀ ਜਿਹੇ ਕੇਸ ਆ ਜੜਨ ਲੱਗੇ।
ਬਦਲੀ ਸਦੀ ਸੰਸਾਰ ਪਿਆ ਬਦਲਦਾ ਈ,
ਭਾਰਤ ਪਹਿਲਾਂ ਦੀ ਥਾਂ ਪਿਆ ਖੜਾ ਜਾਪੇ।
ਕਦੀ ਧੜੇ ਤੋਂ ਲੰਘ ਗਿਆ ਧਰਮ ਲੱਗਦਾ,
ਲੰਘ ਗਿਆ ਧਰਮ ਨਾਲੋਂ ਕਦੇ ਧੜਾ ਜਾਪੇ।

**ਤੀਸ ਮਾਰ ਖਾਂ**

# ਦਿੱਲੀ ਸਿੱਖ ਕਤਲੇਆਮ ਕੇਸ: ਮਨਜੀਤ ਸਿੰਘ ਜੀ ਕੇ ਵੱਲੋਂ ਦਿੱਲੀ ਸਰਕਾਰ ਉੱਤੇ 63 ਕਤਲ ਕੇਸਾਂ ਦੀਆਂ ਫਾਈਲਾਂ ਗਾਇਬ ਕਰਨ ਦਾ ਦੋਸ਼

ਨਵੀਂ ਦਿੱਲੀ, 3 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਨੇ ਦਿੱਲੀ ਸਰਕਾਰ ਉੱਤੇ 1984 ਵਿੱਚ ਹੋਏ ਸਿੱਖਾਂ ਦੇ ਕਤਲਾਂ ਦੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਕਾਲੀ ਆਗੂ ਮਨਜੀਤ ਸਿੰਘ ਜੀ ਕੇ ਨੇ ਅੱਜ ਪੱਤਰਕਾਰਾਂ ਸਾਹਮਣੇ ਸਿੱਖ ਕਤਲੇਆਮ ਦੇ ਕਈ ਕੇਸਾਂ ਵਿੱਚ ਦਿੱਲੀ ਸਰਕਾਰ ਉੱਤੇ ਕੇਂਦਰ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਮਦਦ ਨਾ ਕਰਨ ਦਾ ਦੋਸ਼ ਲਾ ਕੇ ਕਿਹਾ ਕਿ ਇਸ ਲਾਪਰਵਾਹੀ ਕਾਰਨ 63 ਸਿੱਖਾਂ ਦੇ ਕਾਤਲ ਆਜ਼ਾਦ ਘੁੰਮਦੇ ਹਨ।

ਇਸ ਮੌਕੇ ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਕਤਲੇਆਮ ਕੇਸਾਂ ਦੇ ਗਵਾਹਾਂ ਨੂੰ ਕਾਂਗਰਸ ਦੇ ਆਗੂ ਜਗਦੀਸ਼ ਟਾਈਟਲਰ ਵੱਲੋਂ ਖਰੀਦਣ ਦਾ ਖੁਲਾਸਾ ਕਰਨ ਵਾਲੇ ਅਭਿਸ਼ੇਕ ਵਰਮਾ ਦਾ ਲਾਈ ਡਿਟੈਕਟਰ ਟੈਸਟ 6 ਦਸੰਬਰ ਤੱਕ ਹੋਣ ਵਾਲਾ ਹੈ। ਉਨ੍ਹਾ ਕਿਹਾ ਕਿ ਦਿੱਲੀ ਸਰਕਾਰ ਦੀ ਲਾਪਰਵਾਹੀ ਅਤੇ ਲਾਈ ਡਿਟੈਕਟਰ ਟੈਸਟ ਦੀ ਮਸ਼ੀਨ ਖਰਾਬੀ ਦਾ ਕਾਰਨ ਦੱਸ ਕੇ ਵਰਮਾ ਦਾ ਟੈਸਟ ਕਰੀਬ ਡੇਢ ਸਾਲ ਦੇਰੀ ਨਾਲ 6 ਦਸੰਬਰ ਨੂੰ ਹੋ ਰਿਹਾ ਹੈ। ਇੱਕ ਮੀਡੀਆ




ਰਿਪੋਰਟ ਦਾ ਹਵਾਲਾ ਦਿੰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਦੀ ਐੱਸ ਆਈ ਟੀ ਨੇ ਕਤਲੇਆਮ ਕੇਸ ਵਿੱਚ ਦਿੱਲੀ ਸਰਕਾਰ ਤੋਂ ਰਿਕਾਰਡ ਮੰਗਿਆ ਤਾਂ ਵਾਰ-ਵਾਰ ਚਿੱਠੀਆਂ ਭੇਜਣ ਦੇ ਬਾਵਜੂਦ ਦਿੱਲੀ ਸਰਕਾਰ ਦਾ ਰੁਖ ਟਾਲਣ ਦਾ ਰਿਹਾ। ਉਨ੍ਹਾਂ ਕਿਹਾ ਕਿ 29 ਮਾਰਚ 2017 ਨੂੰ ਐੱਸ ਆਈ ਟੀ ਦੇ ਚੇਅਰਮੈਨ ਅਨੁਰਾਗ ਨੇ ਇਕ ਗੁਪਤ ਫਾਈਲ ਦਿੱਲੀ ਸਰਕਾਰ ਦੇ ਡਾਇਰੈਕਟਰ ਕਾਨੂੰਨੀ ਵਿਭਾਗ ਪੰਕਜ ਸਾਂਘੀ ਨੂੰ ਭੇਜੀ ਸੀ ਤੇ ਇਸ ਦੀ ਕਾਪੀ ਦਿੱਲੀ ਪੁਲਸ ਦੇ ਕਮਿਸ਼ਨਰ ਅਮੁੱਲ ਪਟਨਾਇਕ ਤੇ ਕੇਂਦਰ ਗ੍ਰਹਿ ਮੰਤਰਾਲੇ ਦੇ ਜਾਇੰਟ ਸਕੱਤਰ ਪ੍ਰਵੀਣ ਕੁਮਾਰ ਸ੍ਰੀਵਾਸਤਵ ਨੂੰ ਭੇਜੀ ਸੀ। ਇਹ ਦਿੱਲੀ ਦੇ ਕਲਿਆਣਪੁਰੀ ’ਚ ਮਾਰੇ ਗਏ 63 ਸਿੱਖਾਂ ਦੇ ਕੇਸਾਂ ਦੀ ਫਾਈਲ ਸੀ। ਇੱਕ ਨਵੰਬਰ 1984 ਨੂੰ ਕਲਿਆਣਪੁਰੀ ਥਾਣੇ ’ਚ ਦਰਜ ਹੋਏ ਇਸ ਕੇਸ ਵਿੱਚ ਪੁਲਸ ਨੇ 63 ਸਿੱਖਾਂ ਦੇ ਕਤਲਾਂ ਦਾ ਵੇਰਵਾ ਸੀ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਜਾਂਚ ਪਿੱਛੋਂ ਪੁਲਸ ਨੇ 17 ਦੋਸ਼ੀਆਂ ਵਿਰੁੱਧ ਧਾਰਾ 302 ਦਾ ਦੋਸ਼ ਪੱਤਰ ਦਾਇਰ ਕੀਤਾ ਸੀ, ਪਰ ਸੁਣਵਾਈ ਵੇਲੇ ਸਿਰਫ 5 ਲੋਕਾਂ ਦੇ ਕਤਲ ਦੀ ਗੱਲ ਕਹਿ ਦਿੱਤੀ ਤਾਂ ਦੋਸ਼ੀ ਬਰੀ ਹੋ ਗਏ। ਦਿੱਲੀ ਸਰਕਾਰ ਨੇ ਇਸ ਕੇਸ ਬਾਰੇ ਸੈਸ਼ਨ ਕੋਰਟ ਵਿੱਚ ਅਪੀਲ ਵੀ ਦਾਇਰ ਨਹੀਂ ਕੀਤੀ, ਸਗੋਂ ਇੰਨੇ ਗੰਭੀਰ ਕੇਸ ਬਾਰੇ ਇੱਕ ਤਰ੍ਹਾਂ ਚੁੱਪ ਵੱਟ ਲਈ ਹੈ।

ਮਨਜੀਤ ਸਿੰਘ ਜੀ ਕੇ ਦਾ ਦਾਅਵਾ ਹੈ ਕਿ ਐਸ ਆਈ ਟੀ ਇਸ ਕੇਸ ਵਾਸਤੇ ਜਾਂਚ ਉਦੋਂ ਤਕ ਅੱਗੇ ਨਹੀਂ ਵਧਾ ਸਕਦੀ, ਜਦੋਂ ਤਕ ਦਿੱਲੀ ਸਰਕਾਰ ਦਾ ਕਾਨੂੰਨੀ ਵਿਭਾਗ ਅਪੀਲ ਨਹੀਂ ਕਰਦਾ।

## ਪੀਲ ਰੀਜਨਲ ਕਾਉਂਸਲ 6 ਨੂੰ ਨਿਯੁਕਤ ਕਰੇਗੀ ਨਵਾਂ ਰੀਜਨਲ ਚੇਅਰ

ਸਿਟੀ ਆਫ ਬਰੈਂਪਟਨ, ਟਾਊਨ ਆਫ ਕੇਲਡਨ ਤੇ ਸਿਟੀ ਆਫ ਮਿਸੀਸਾਗਾ ਦੀ ਨੁਮਾਇੰਦਗੀ ਕਰਨ ਵਾਲੇ ਪੀਲ ਰੀਜਨ ਦੇ 24 ਕਾਉਂਸਲਰਜ਼ 2018-2022 ਦੇ ਕਾਰਜਕਾਲ ਲਈ ਰੀਜਨਲ ਚੇਅਰ ਨਿਯੁਕਤ ਕਰਨਗੇ। ਇਸ ਸਬੰਧ ਵਿੱਚ 6 ਦਸੰਬਰ ਦਿਨ ਵੀਰਵਾਰ ਨੂੰ ਸਵੇਰੇ 8:30 ਤੋਂ 9:30 ਵਜੇ ਤੱਕ ਬ੍ਰੇਕਫਾਸਟ ਰਿਸੈਪਸ਼ਨ ਹੋਵੇਗੀ। ਇਹ ਮੀਟਿੰਗ ਕਾਉਂਸਲ ਚੇਂਬਰ, 10 ਪੀਲ ਸੈਂਟਰ ਡਰੇਲ. ਸਟੀ. ਏ, ਪੰਜਵੀ ਮੰਜ਼ਿਲ, ਬਰੈਂਪਟਨ ਵਿਖੇ ਹੋਵੇਗੀ। ਦੁਪਹਿਰ ਦੇ 3:00 ਵਜੇ ਤੱਕ ਮੀਟਿੰਗ ਖਤਮ ਹੋਣ ਮਗਰੋਂ ਮੀਡੀਆ ਮੈਂਬਰਜ਼ ਨਵ ਨਿਯੁਕਤ ਰੀਜਨਲ ਚੇਅਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਇੰਟਰਵਿਊ ਲੈ ਸਕਣਗੇ। ਇਸ ਤੋਂ ਪਹਿਲਾਂ ਚੇਅਰ ਮੀਡੀਆ ਨਾਲ ਗੱਲਬਾਤ ਲਈ ਉਪਲਬਧ ਨਹੀਂ ਹੋ ਸਕਣਗੇ। ਸਾਰੇ ਮੀਡੀਆ ਮੈਂਬਰਾਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਉੱਥੇ ਪਹੁੰਚਣ ਉਪਰੰਤ ਮੀਡੀਆ ਰਜਿਸਟ੍ਰੇਸ਼ਨ ਡੈਸਕ ਉੱਤੇ ਖੁਦ ਨੂੰ ਰਜਿਸਟਰ ਕਰਵਾਉਣ।

## ਪ੍ਰਮੋਦ ਗੋਇਲ ਬਣੇ ਆਈਸੀਸੀਸੀ ਦੇ 31ਵੇਂ ਪ੍ਰੈਜ਼ੀਡੈਂਟ

ਬੋਰਡ ਮੈਂਬਰਜ਼ ਵੱਲੋਂ 3 ਦਸੰਬਰ ਨੂੰ ਪ੍ਰਮੋਦ ਗੋਇਲ ਨੂੰ ਸਰਬਸੰਮਤੀ ਨਾਲ ਇੰਡੋ ਕੈਨੇਡਾ ਚੇਂਬਰ ਆਫ ਕਾਮਰਸ ਦਾ 31ਵਾਂ ਪ੍ਰੈਜ਼ੀਡੈਂਟ ਚੁਣ ਲਿਆ ਗਿਆ। ਪ੍ਰਮੋਦ ਗੋਇਲ ਕਾਰੋਬਾਰੀ ਰਣਨੀਤੀਕਾਰ ਹਨ ਤੇ ਉਹ ਬਹੁਤ ਹੀ ਤਜਰ-ਬੇਕਾਰ ਮੈਨੇਜਮੈਂਟ ਕੰਸਲਟੈਂਟ ਵੀ ਹਨ। ਉਨ੍ਹਾਂ ਨੂੰ ਮੈਨੇਜਿੰਗ ਤੇ ਕੰਪਨੀਆਂ ਦੇ ਵਿਕਾਸ ਲਈ ਸਲਾਹ ਦੇਣ, ਰਣਨੀਤੀ ਨਾਲ ਸਬੰਧਤ ਸਲਾਹ ਮਸ਼ਵਰਾ ਦੇਣ, ਕਾਰਪੋਰੇਟ ਫਾਇਨਾਂਸ, ਆਡਿਟ ਤੇ ਹੋਰ ਹਰ ਕਿਸਮ ਦੀ ਸੇਧ ਦੇਣ ਦਾ 30 ਸਾਲ ਤੋਂ ਵੱਧ ਦਾ ਤਜਰਬਾ ਹੈ।



ਇਸ ਸਮੇਂ ਉਹ ਕੈਨੇਡਾਵਾਈਡ ਫਾਇਨਾਂਸ਼ੀਅਲ ਕਾਰਪੋਰੇਸ਼ਨ ਲਿਮਟਿਡ, ਜੋ ਕਿ ਬਿਜ਼ਨਸ ਐਡਵਾਈਜ਼ਰੀ ਤੇ ਮੈਨੇਜਮੈਂਟ ਕੰਸਲਟਿੰਗ ਫਰਮ ਹੈ, ਦੇ ਪ੍ਰੈਜ਼ੀਡੈਂਟ ਤੇ ਸੀਈਓ ਹਨ। ਇਸ ਤੋਂ ਪਹਿਲਾਂ ਉਹ ਇਨਵੈਸਟਕੋ, ਰਾਇਲ ਬੈਂਕ, ਸਕੋਸ਼ੀਆਬੈਂਕ ਤੇ ਏਸਰ ਟੈਲੀਕੌਮ ਵਿੱਚ ਵੀ ਅਹਿਮ ਅਹੁਦਿਆਂ ਉੱਤੇ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾਂ ਬੈਚਲਰ ਆਫ ਸਾਇੰਸ ਡਿਗਰੀ, ਦਿੱਲੀ ਯੂਨੀਵਰਸਿਟੀ ਤੋਂ ਇੰਟਰਨਲ ਆਡਿਟ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ, ਨੌਰਥਵੈਸਟਰਨ ਤੇ ਯੌਰਕ ਯੂਨੀਵਰਸਿਟੀ ਤੋਂ ਮਾਸਟਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ ਕੀਤੀ ਹੋਈ ਹੈ। ਉਹ ਇੰਸਟੀਚਿਊਟ ਆਫ ਕੈਨੇਡੀਅਨ ਬੈਂਕਰਜ਼ ਦੇ ਐਸੋਸਿਏਟ ਤੇ ਇੰਸਟੀਚਿਊਟ ਆਫ ਕਾਰਪੋਰੇਟ ਡਾਇਰੈਕਟਰਜ਼ ਦੇ ਮੈਂਬਰ ਵੀ ਹਨ। ਉਨ੍ਹਾਂ ਵੱਖ ਵੱਖ ਆਰਗੇਨਾਈਜ਼ੇਸ਼ਨਜ਼ ਵਿੱਚ ਕਈ ਪ੍ਰੋਫੈਸ਼ਨਲ, ਪ੍ਰਾਈਵੇਟ ਤੇ ਗੈਰ ਮੁਨਾਫੇ ਵਾਲੇ ਬੋਰਡਜ਼ ਤੇ ਕਮੇਟੀਆਂ ਵਿੱਚ ਵੀ ਕੰਮ ਕੀਤਾ ਹੈ।

## ਫਰਾਂਸ ਦੇ ਰਾਸ਼ਟਪਤੀ ਨੇ ਹਿੰਸਕ ਮੁਜ਼ਾਹਰਿਆਂ ਦੇ ਮੱਦੇਨਜ਼ਰ ਸੱਦੀ ਹੰਗਾਮੀ ਮੀਟਿੰਗ

ਪੈਰਿਸ, 3 ਦਸੰਬਰ (ਪੋਸਟ ਬਿਊਰੋ) : ਫਰਾਂਸ ਦੇ ਪ੍ਰਧਾਨ ਮੰਤਰੀ ਐਡੁਅਰਡ ਫਿਲਿਪ ਨੇ ਸੋਮਵਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਨਾਲ ਮੁਲਾਕਾਤ ਕਰਕੇ ਮੁਜ਼ਾਹਰਾਕਾਰੀਆਂ ਦੇ ਗੁੱਸੇ ਨੂੰ ਸਾਂਤ ਕਰਨ ਦੀ ਕੋਸ਼ਿਸ਼ ਕੀਤੀ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਇਹ ਉਪਰਾਲਾ ਪੈਰਿਸ ਵਿੱਚ ਸਰਕਾਰ ਵਿਰੋਧੀ ਹੋਏ ਹਿੰਸਕ ਮੁਜ਼ਾਹਰਿਆਂ ਦੇ ਸਬੰਧ ਵਿੱਚ ਕੀਤਾ ਗਿਆ।

ਕਈ ਦਹਾਕਿਆਂ ਵਿੱਚ ਪਹਿਲੀ ਵਾਰੀ ਦੇਸ਼ ਦੀ ਰਾਜਧਾਨੀ ਵਿੱਚ ਹੋਏ ਹਿੰਸਕ ਮੁਜ਼ਾਹਰਿਆਂ ਵਿੱਚ ਸ਼ਨਿੱਚਰਵਾਰ ਨੂੰ 130 ਲੋਕ ਜ਼ਖ਼ਮੀ ਹੋ ਗਏ ਤੇ 412 ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੂੰ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ ਤੇ ਪਾਣੀ ਦੀਆਂ ਬੁਛਾਰਾਂ ਵੀ ਸੁੱਟੀਆਂ ਗਈਆਂ। ਦੰਗੇ



ਰੋਕਣ ਲਈ ਪੁਲਿਸ ਨੇ ਕਈ ਸਟਰੀਟਜ਼ ਤੇ ਸਬਵੇਅ ਸਟੇਸ਼ਨ ਬੰਦ ਕਰ ਦਿੱਤੇ।

ਐਤਵਾਰ ਤੱਕ ਪੈਰਿਸ ਦੀਆਂ ਕੁੱਝ ਮਸ਼ਹੂਰ ਟੂਰਿਸ ਸਟਰੀਟਜ਼ ਸੜੀਆਂ ਹੋਈਆਂ ਕਾਰਾਂ, ਲੁੱਟੀਆਂ ਹੋਈਆਂ ਦੁਕਾਨਾਂ ਦੀਆਂ ਖਿੜਕੀਆਂ ਦੇ ਟੁੱਟੇ ਹੋਏ ਸ਼ੀਸ਼ਿਆਂ ਨਾਲ ਭਰੀਆਂ ਹੋਈਆਂ ਸਨ। ਇਸ ਤੋਂ ਇਲਾਵਾ ਆਰਕ ਡੀ ਟ੍ਰਾਇੰਫ ਸਮਾਰਕ ਉੱਤੇ ਵੀ ਭੀੜ ਨੇ ਗ੍ਰੈਫਿਟੀ ਨਾਲ ਨੁਕਸਾਨ ਪਹੁੰਚਾਇਆ ਸੀ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਨੇ ਅਰਜਨਟੀਨਾ ਵਿੱਚ ਚੱਲ ਰਹੀ ਜੀ-20 ਸਿਖਰ ਵਾਰਤਾ ਦੌਰਾਨ ਐਤਵਾਰ ਨੂੰ ਇੱਕ ਹੰਗਾਮੀ ਮੀਟਿੰਗ ਰੱਖੀ। ਇਹ ਮੀਟਿੰਗ ਸਕਿਊਰਿਟੀ ਨੂੰ ਚਾਕਚੌਬੰਦ ਕਰਨ ਲਈ ਰੱਖੀ ਗਈ ਤੇ ਇਸ ਦੇ ਨਾਲ ਹੀ ਐਮਰਜੰਸੀ ਲਾਗੂ ਕਰਨ ਤੋਂ ਵੀ ਗੁਰੇਜ ਨਾ ਕਰਨ ਦਾ ਰਾਸ਼ਟਰਪਤੀ ਨੇ ਸੰਕੇਤ ਦਿੱਤਾ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੌਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Counterbalance
Reach Truck
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਨਵਜੋਤ ਸਿੱਧੂ ਮੁੱਦੇ ਉਤੇ ਦੋਵਾਂ ਧਿਰਾਂ ਨੂੰ ਝਾੜ ਪਿੱਛੋਂ ਬਿਆਨਬਾਜ਼ੀ ਬੰਦ



ਚੰਡੀਗੜ੍ਹ, 3 ਦਸੰਬਰ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਬਿਆਨ ਤੇ ਉਸ ਤੋਂ ਬਾਅਦ ਇਸ ਮੁੱਦੇ ਉਤੇ ਪਾਰਟੀ 'ਚ ਪੈਦਾ ਹੋਈ ਖਿੱਚੋਤਾਣ ਦਾ ਗੰਭੀਰ ਨੋਟਿਸ ਲਿਆ ਤੇ ਕਾਂਗਰਸੀ ਆਗੂਆਂ ਨੂੰ ਬਿਆਨਬਾਜ਼ੀ ਸਮੇਟਣ ਨੂੰ ਕਿਹਾ ਹੈ। ਸੋਮਵਾਰ ਨੂੰ ਸਿੱਧੂ ਦੇ ਖ਼ਿਲਾਫ਼ ਕਾਂਗਰਸੀ ਆਗੂਆਂ ਤੇ ਮੰਤਰੀਆਂ ਵੱਲੋਂ ਕੋਈ ਬਿਆਨ ਨਾ ਆਉਣਾ ਅਤੇ ਮੰਤਰੀ ਮੰਡਲ ਦੀ ਬੈਠਕ 'ਚ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕਿਸੇ ਗੱਲ ਦਾ ਜ਼ਿਕਰ ਨਾ ਹੋਣਾ ਇਸ ਦਾ ਸਬੂਤ ਹੈ।

ਜਾਣਕਾਰ ਸੂਤਰਾਂ ਮੁਤਾਬਕ ਕਾਂਗਰਸ ਹਾਈ ਕਮਾਨ ਨੇ ਸਾਫ ਸ਼ਬਦਾਂ 'ਚ ਕਾਂਗਰਸੀ ਆਗੂਆਂ ਅਤੇ ਮੰਤਰੀਆਂ ਨੂੰ ਨਵਜੋਤ ਸਿੰਘ ਸਿੱਧੂ ਦੇ ਖਿਲਾਫ਼ ਬਿਆਨਬਾਜੀ ਰੋਕਣ ਲਈ ਕਿਹਾ ਹੈ। ਪਾਰਟੀ ਦੀ ਸਮਝ ਹੈ ਕਿ ਕਿਉਂਕਿ ਨਵਜੋਤ ਸਿੰਘ ਸਿੱਧੂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਸਟਾਰ ਪ੍ਰਚਾਰਕ ਹਨ ਅਤੇ ਇਸ ਸਮੇਂ ਰਾਜਸਥਾਨ 'ਚ ਚੋਣ ਪ੍ਰਚਾਰ ਉੱਤੇ ਹਨ, ਜਿੱਥੇ ਚੋਣਾਂ 'ਚ ਤਿੰਨ ਦਿਨ ਰਹਿ ਗਏ ਹਨ, ਇਸ ਲਈ ਇਸ ਹਾਲਾਤ ਵਿੱਚ ਆਪਣੀ ਹੀ ਪਾਰਟੀ ਦੇ ਆਗੂਆਂ ਵੱਲੋਂ ਸਿੱਧੂ ਦੇ ਖ਼ਿਲਾਫ਼ ਬਿਆਨਬਾਜ਼ੀ ਦਾ ਉਲਟ ਅਸਰ ਪੈਂਦਾ ਹੈ। ਪਤਾ ਲੱਗਾ ਹੈ ਕਿ ਪੰਜਾਬ ਕਾਂਗਰਸ ਦੇ ਇਕ ਸੀਨੀਅਰ ਆਗੂ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਸੁਨੇਹਾ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਦਿੱਤਾ ਹੈ, ਜਿਸ 'ਚ ਉਨ੍ਹਾਂ ਨੇ ਸਿੱਧੂ ਸਮੇਤ ਸਾਰਿਆਂ ਨੂੰ ਸ਼ਾਂਤ ਰਹਿਣ ਨੂੰ ਕਿਹਾ ਹੈ। ਸੂਤਰਾਂ ਮੁਤਾਬਕ ਸਿੱਧੂ ਦੇ ਖ਼ਿਲਾਫ਼ ਬਿਆਨਬਾਜ਼ੀ ਬੰਦ ਕਰਾਉਣ 'ਚ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਟਿੱਪਣੀ ਪਿੱਛੋਂ ਕਾਂਗਰਸੀ ਆਗੂਆਂ ਦੇ ਬਿਆਨਾਂ ਕਾਰਨ ਲੱਗਦਾ ਸੀ ਕਿ ਸੋਮਵਾਰ ਨੂੰ ਪੰਜਾਬ ਮੰਤਰੀ ਮੰਡਲ ਦੀ ਬੈਠਕ ਵਿੱਚ ਹੰਗਾਮਾ ਹੋਵੇਗਾ। ਨਵਜੋਤ ਸਿੱਧੂ ਖ਼ਿਲਾਫ਼ ਮਤਾ ਲਿਆਂਦੇ ਜਾਣ ਦਾ ਵੀ ਸ਼ੱਕ ਸੀ, ਪਰ ਹਾਈ ਕਮਾਂਡ ਵੱਲੋਂ ਦੋਵਾਂ ਧਿਰਾਂ ਨੂੰ ਪਾਈ ਗਈ ਝਾੜ ਨਾਲ ਏਦਾਂ ਨਹੀਂ ਹੋਇਆ। ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਨੂੰ ਆਪਣੇ ਪਿਤਾ ਸਮਾਨ ਮੰਨ ਲਿਆ ਹੈ ਤਾਂ ਫਿਰ ਮੁੱਦਾ ਹੀ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਸਿੱਧੂ ਨੇ ਕਾਫ਼ੀ ਅੱਗੇ ਜਾਣਾ ਹੈ, ਇਸ ਲਈ ਸਿਆ-ਸਤ ਵਿੱਚ ਠਹਿਰਾਅ ਨਾਲ ਚੱਲਣ ਦੀ ਲੋੜ ਹੈ। ਉਂਜ ਸਿੱਧੂ ਦੇ ਬਿਆਨ ਤੋਂ ਬਾਅਦ ਸਭ ਤੋਂ ਪਹਿਲਾਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਹੀ ਸਿੱਧੂ ਅਸਤੀਫ਼ੇ ਦੀ ਮੰਗ ਕੀਤੀ ਸੀ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਦੇ ਬਿਆਨ ਦੀ ਵੀਡੀਓ ਦੋ-ਤਿੰਨ ਵਾਰ ਦੇਖੀ ਤਾਂ ਉਨ੍ਹਾਂ ਨੂੰ ਉਸ ਵਿੱਚ ਕੁਝ ਗ਼ਲਤ ਨਹੀਂ ਲੱਗਾ। ਇਸ ਲਈ ਸਿੱਧੂ ਦੇ ਖ਼ਿਲਾਫ਼ ਕੈਬਨਿਟ ਵਿੱਚ ਹੋਣ ਵਾਲਾ ਫ਼ੈਸਲਾ ਰੋਕ ਦਿੱਤਾ ਗਿਆ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਨੇ ਕਿਹਾ ਸੀ ਕਿ ਜੇ ਨਵਜੋਤ ਸਿੰਘ ਸਿੱਧੂ ਦੇ ਬਿਆਨ ਵਾਲੀ ਵੀਡੀਓ ਗ਼ੌਰ ਨਾਲ ਦੇਖੀ ਜਾਵੇ ਤਾਂ ਉਨ੍ਹਾਂ ਦਾ ਅਸਤੀਫ਼ਾ ਮੰਗਣ ਵਾਲੇ ਇਹ ਮੰਗ ਛੱਡ ਦੇਣਗੇ।

## ਨਵਜੋਤ ਸਿੰਘ ਸਿੱਧੂ ਕਹਿੰਦੈ: ਕੈਪਟਨ ਅਮਰਿੰਦਰ ਸਿੰਘ ਤਾਂ ਮੇਰੇ ਪਿਤਾ ਸਮਾਨ

ਝਾਲਵਾੜ (ਰਾਜਸਥਾਨ), 3 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬਜਾਏ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਆਪਣਾ ਕੈਪਟਨ ਦੱਸ ਕੇ ਵਿਵਾਦ ਵਿੱਚ ਫਸੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੱਜ ਕਹਿ ਦਿੱਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਪਿਤਾ ਸਮਾਨ ਹਨ ਤੇ ਉਹ ਜਲਦੀ ਹੀ ਉਨ੍ਹਾਂ ਨੂੰ ਮਿਲ ਕੇ ਇਹ ਮੁੱਦਾ ਨਿਪਟਾ ਲੈਣਗੇ। ਇਸ ਦੌਰਾਨ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਿੱਧੂ ਦੇ ਉਸ ਬਿਆਨ ਦੀ ਸ਼ਲਾਘਾ ਕੀਤੀ ਹੈ, ਜਿਸ ਵਿੱਚ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਪਿਤਾ ਸਮਾਨ ਦੱਸਿਆ ਹੈ। ਉਨ੍ਹਾਂ ਕਿਹਾ, 'ਸਿੱਧੂ ਨੇ ਕਹਿ ਦਿੱਤਾ ਹੈ ਕਿ ਕੈਪਟਨ ਸਾਹਿਬ ਉਸ ਦੇ ਪਿਤਾ ਸਮਾਨ ਹਨ ਤੇ ਉਹ ਇਸ ਮਸਲੇ ਨੂੰ ਆਪੇ ਨਜਿੱਠ ਲੈਣਗੇ। ਇਸ ਲਈ ਕੋਈ ਵਿਵਾਦ ਨਹੀਂ ਰਹਿ ਗਿਆ।'

ਕਾਂਗਰਸ ਦੇ ਸਟਾਰ ਪ੍ਰਚਾਰਕ ਵਜੋਂ ਚੋਣ ਰੈਲੀਆਂ ਕਰ ਰਹੇ ਨਵਜੋਤ ਸਿੰਘ ਸਿੱਧੂ ਨੂੰ ਰੈਲੀ ਤੋਂ ਪਾਸੇ ਪੱਤਰਕਾਰਾਂ ਨੇ ਜਦੋਂ ਪੁੱਛਿਆ ਕਿ ਕੀ ਉਹ ਅਮਰਿੰਦਰ ਸਿੰਘ ਤੋਂ ਮੁਆਫ਼ੀ ਮੰਗਣਗੇ ਤਾਂ ਉਨ੍ਹਾਂ ਕਿਹਾ, 'ਆਪਸੀ ਮੁੱਦੇ ਲੋਕਾਂ ਵਿੱਚ ਬੈਠ ਕੇ ਨਹੀਂ ਸੁਲਝਾਏ ਜਾਂਦੇ। ਉਹ (ਅਮਰਿੰਦਰ ਸਿੰਘ) ਮੇਰੇ ਪਿਤਾ ਸਮਾਨ ਹਨ। ਮੈਂ ਉਨ੍ਹਾਂ ਨੂੰ ਪਿਆਰ ਅਤੇ ਉਨ੍ਹਾਂ ਦਾ ਪੂਰਾ ਮਾਣ ਸਤਿਕ-ਾਰ ਕਰਦਾ ਹਾਂ। ਮੈਂ ਇਹ ਗੁੰਝਲ ਖ਼ੁਦ ਹੀ ਸੁਲਝਾ ਲਵਾਂਗਾ।'

# ਪੰਜਾਬ ਸਰਕਾਰ ਵੱਲੋਂ ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਨੂੰ ਮਨਜ਼ੂਰੀ

### * ਹਲਵਾਰਾ ਏਅਰਪੋਰਟ ਦਾ ਸਿਵਲ ਪਾਸਾ ਚਲਾਉਣ ਬਾਰੇ ਵੀ ਕਦਮ ਚੁੱਕੇ



ਚੰਡੀਗੜ੍ਹ, 3 ਦਸੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਅਹਿਮ ਫ਼ੈਸਲੇ ਕਰਦੇ ਹੋਏ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਂਦੇ ਸ਼ਰਧਾਲੂਆਂ ਦੀ ਸਹੂਲਤ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਬਣਾਉਣ, ਜ਼ਿਲ੍ਹਾ ਕੇਂਦਰੀ ਕੋਆਪਰੇਟਿਵ ਬੈਂਕਾਂ (ਡੀ ਸੀ ਸੀ ਬੀ) ਦਾ ਪੰਜਾਬ ਰਾਜ ਕੋਆਪਰੇਟਿਵ ਬੈਂਕ (ਪੀ ਐੱਸ ਸੀ ਬੀ) ਵਿੱਚ ਰਲੇਵਾਂ ਨੂੰ ਹਰੀ ਝੰਡੀ ਦੇਣ ਦੇ ਨਾਲ ਹੀ ਹਲਵਾਰਾ ਫੌਜੀ ਹਵਾਈ ਅੱਡੇ ਦੇ ਨਾਲ ਸਿਵਲ ਕੌਮਾਂਤਰੀ ਹਵਾਈ ਅੱਡਾ ਸਥਾਪਤ ਕੀਤੇ ਜਾਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਮੰਤਰੀ ਮੰਡਲ ਨੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਕੇਸ ਦੀ ਚਰਚਾ ਨਹੀਂ ਕੀਤੀ, ਕਿਉਂਕਿ ਬੀਤੀ ਰਾਤ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਸਿੱਧੂ ਵੱਲੋਂ ਦਿੱਤੇ ਬਿਆਨ ਨਾਲ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ ਦਖਲ ਦਿੱਤਾ ਸੀ। ਓਧਰ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਕਹਿ ਦਿੱਤਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਪਿਤਾ ਸਮਾਨ ਹਨ ਅਤੇ ਉਹ ਕੈਪਟਨ ਨੂੰ ਮਿਲ ਕੇ ਇਸ ਵਿਵਾਦ ਨੂੰ ਖੁਦ ਹੀ ਹੱਲ ਕਰ ਲੈਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਅਤੇ ਇਸ ਦੇ ਆਲੇ-ਦੁਆਲੇ ਵਿਕਾਸ ਤੇ ਸੁੰਦਰੀਕਰਨ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਬਣਾਉਣ ਨੂੰ ਰਾਜ ਸਰਕਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਦਮ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਨੂੰ ਚੁੱਕਿਆ ਗਿਆ ਹੈ। ਕਰਤਾਰਪੁਰ ਲਾਂਘਾ ਖੋਲ੍ਹਣ ਦਾ ਵਿਸ਼ੇਸ਼ ਮਤੇ ਨਾਲ ਸਵਾਗਤ ਕੀਤਾ ਗਿਆ ਤੇ ਇਸ ਨੂੰ ਇਤਿਹਾਸਕ ਕਦਮ ਦੱਸਿਆ ਗਿਆ ਅਤੇ ਮੰਤਰੀ ਮੰਡਲ ਨੇ ਨੋਟ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਲਾਂਘਾ ਖੋਲ੍ਹਿਆ ਜਾ ਸਕਿਆ ਹੈ। ਇਸ ਵਿੱਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਯਤਨਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਅੱਜ ਦੀ ਮੀਟਿੰਗ ਮੌਕੇ ਮੰਤਰੀ ਮੰਡਲ ਨੇ ਜ਼ਿਲ੍ਹਾ ਪੱਧਰੀ ਕੋਆਪਰੇਟਿਵ ਬੈਂਕਾਂ ਦੇ ਪੀ ਐੱਸ ਸੀ ਬੀ ਵਿੱਚ ਰਲੇਵੇਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਪੀ ਐੱਸ ਸੀ ਬੀ ਇਕ ਵੱਡੀ ਬੈਂਕ ਬਣ ਜਾਵੇਗੀ ਅਤੇ ਇਸ ਨਾਲ ਪੀ ਐੱਸ ਸੀ ਬੀ ਲਈ ਪੇਂਡੂ ਕਰਜ਼ਾ ਖੇਤਰ ਵਿੱਚ ਵੱਡੀ ਭੂਮਿਕਾ ਨਿਭਾਉਣ ਦਾ ਰਾਹ ਸਾਫ ਹੋ ਗਿਆ ਹੈ। ਇਹ ਫੈਸਲਾ ਰਿਜ਼ਰਵ ਬੈਂਕ ਦੇ ਨਿਰਦੇਸ਼ ਉੱਤੇ ਲਿਆ ਗਿਆ ਹੈ। ਇਸ ਨਾਲ ਕੋਆਪਰੇਟਿਵ ਬੈਂਕਾਂ ਨੂੰ ਆਪਣਾ ਕਾਰੋਬਾਰ ਵਧਾਉਣ ਦੀ ਖੁੱਲ੍ਹ ਮਿਲੇਗੀ ਅਤੇ ਬੈਂਕ ਦਾ ਲਾਭ ਵਧੇਗਾ। ਉਦਯੋਗਿਕ ਤੇ ਆਰਥਿਕ ਗਤੀਵਿਧੀਆਂ ਵਧਾਉਣ ਲਈ ਜ਼ਿਲ੍ਹਾ ਲੁਧਿਆਣਾ ਦੇ ਇੰਡੀਅਨ ਏਅਰ ਫੋਰਸ ਸਟੇਸ਼ਨ ਹਲਵਾਰਾ ਵਿੱਚ ਅੰਤਰਰਾਸ਼ਟਰੀ ਸਿਵਲ ਹਵਾਈ ਟਰਮੀਨਲ ਬਣਾਉਣ ਦੀ ਪ੍ਰਵਾਨਗੀ ਵੀ ਦੇ ਦਿੱਤੀ ਗਈ ਹੈ। ਇਸ ਬਾਰੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨਾਲ ਸਮਝੌਤਾ (ਐਮ ਓ ਯੂ) ਕਰਨ ਦੀ ਸਹਿਮਤੀ ਹੋ ਚੁੱਕੀ ਹੈ। ਇਸ ਸਿਵਲ ਟਰਮੀਨਲ ਦਾ ਕੰਮ ਏਅਰਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਮਿਲ ਕੇ ਕਰਨਗੇ ਅਤੇ ਇਸ ਵਿੱਚ 51 ਫੀਸਦੀ ਹਿੱਸੇਦਾਰੀ ਏਅਰਪੋਰਟਸ ਅਥਾਰਟੀ ਆਫ ਇੰਡੀਆ ਅਤੇ 49 ਫੀਸਦੀ ਪੰਜਾਬ ਸਰਕਾਰ ਦੀ ਗਰੇਟਰ ਲੁਧਿਆਣਾ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੀ ਹੋਵੇਗੀ।

ਪੰਜਾਬ ਸਰਕਾਰ ਦੇ ਇਸ ਫ਼ੈਸਲੇ ਦਾ ਲੁਧਿਆਣਾ ਤੋਂ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸਵਾਗਤ ਕੀਤਾ ਤੇ ਕਿਹਾ ਹੈ ਕਿ ਇਸ ਨਾਲ ਪੰਜਾਬ ਤੇ ਖਾਸ ਕਰਕੇ ਸਨਅਤੀ ਜ਼ਿਲ੍ਹਾ ਲੁਧਿਆਣਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਨੇ ਕਈ ਵਾਰ ਕੇਂਦਰ ਕੋਲ ਉਠਾਇਆ ਸੀ। ਉਨ੍ਹਾਂ ਆਸ ਕੀਤੀ ਕਿ ਇਸ ਪ੍ਰਾਜੈਕਟ ਨਾਲ ਆਉਂਦੇ ਸਮੇਂ ਵਿਚ ਪੰਜਾਬ ਦੀ ਆਰਥਿਕਤਾ ਨੂੰ ਹੁਲ-ਾਰਾ ਮਿਲੇਗਾ ਅਤੇ ਲੁਧਿਆਣਾ ਅਤੇ ਆਲੇ-ਦੁਆਲੇ ਦਾ ਵਿਕਾਸ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਛੋਟਾ ਹਵਾਈ ਅੱਡਾ ਸਾਹਨੇਵਾਲ ਵਿਚ ਏਅਰਪੋਰਟ ਅਥਾਰਿਟੀ ਚਲਾ ਰਹੀ ਹੈ। ਖੇਤਰੀ ਸੰਪਰਕ ਸਕੀਮ 'ਉਡਾਣ' ਹੇਠ ਏਥੋਂ ਸਿਰਫ਼ ਦਿੱਲੀ ਨੂੰ ਉਡਾਣਾਂ ਜਾਂਦੀਆਂ ਹਨ। ਰਨਵੇਅ ਦੀ ਲੰਬਾਈ ਘੱਟ ਹੋਣ ਕਾਰਨ ਇੱਥੋਂ ਸਿਰਫ਼ ਛੋਟੇ ਜਹਾਜ਼ ਉੱਡ ਸਕਦੇ ਹਨ ਤੇ ਇਸ ਦੇ ਦੁਆਲੇ ਸ਼ਹਿਰ ਦਾ ਵਿਕਾਸ ਹੋਣ ਪਿੱਛੋਂ ਇਸ ਹਵਾਈ ਅੱਡੇ ਦਾ ਵਾਧਾ ਕਰਨ ਲਈ ਹੋਰ ਜ਼ਮੀਨ ਐਕੁਆਇਰ ਕਰਨਾ ਵੀ ਸੰਭਵ ਨਹੀਂ।

ਅੱਜ ਹੀ ਮੰਤਰੀ ਮੰਡਲ ਨੇ ਪੰਜਾਬ ਦੇ ਸਾਰੇ ਈ ਐੱਸ ਆਈ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਪੈਰਾਮੈਡਿਕਸ ਦੀਆਂ 185 ਆਸਾਮੀਆਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ 55 ਡਾਕਟਰਾਂ ਅਤੇ ਪੈਰਾਮੈਡਿਕਸ ਦੀਆਂ 130 ਪੋਸਟਾਂ ਭਰਨ ਦਾ ਰਾਹ ਸਾਫ ਹੋ ਗਿਆ ਹੈ। ਮੰਤਰੀ ਮੰਡਲ ਨੇ ਪੰਜਾਬ ਜਲ ਸਰੋਤ (ਮੈਨੇਜਮੈਂਟ ਤੇ ਰੈਗੂਲੇਸ਼ਨ) ਬਿੱਲ-2018 ਦੇ ਖਰੜੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਦਾ ਉਦੇਸ਼ ਸੂਬੇ ਦੇ ਜਲ ਸਰੋਤਾਂ ਦੀ ਵਰਤੋਂ ਅਤੇ ਪ੍ਰਬੰਧ ਨੂੰ ਸਮਝਦਾਰੀ, ਢੁੱਕਵੇਂ ਅਤੇ ਤਰਕ ਸੰਗਤ ਢੰਗ ਨਾਲ ਯਕੀਨੀ ਬਨਾਉਣਾ ਹੈ। ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ (ਪੀ ਡਬਲਯੂ ਆਰ ਡੀ ਏ) ਦਾ ਇਕ ਚੇਅਰਮੈਨ ਤੇ ਦੋ ਮੈਂਬਰ ਸਰਕਾਰ ਦੇ ਨਿਯੁਕਤ ਕੀਤੇ ਜਾਣਗੇ। ਅਥਾਰਟੀ ਕੋਲ ਪੀਣ ਵਾਲੇ, ਘਰੇਲੂ, ਵਪਾਰਕ ਜਾਂ ਉਦਯੋਗਿਕ ਵਰਤੋਂ ਲਈ ਪਾਣੀ ਦੀ ਸਪਲਾਈ ਲਈ ਦਰਾਂ ਬਾਰੇ ਨਿਰਦੇਸ਼ ਦੇਣ ਦਾ ਵੀ ਅਧਿਕਾਰ ਹੋਵ-ੇਗਾ। ਇਸ ਬਾਰੇ ਰਾਜ ਸਰਕਾਰ ਵੱਲੋਂ ਸਲਾਹਕਾਰ ਕਮੇਟੀ ਗਠਿਤ ਕੀਤੀ ਜਾਵੇਗੀ।

ਇਸ ਦੌਰਾਨ 13 ਤੋਂ 15 ਦਸੰਬਰ ਤੱਕ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਸੱਦਣ ਦਾ ਫ਼ੈਸਲਾ ਕੀਤਾ ਹੈ। ਇਹ ਸੈਸ਼ਨ 13 ਦਸੰਬਰ ਨੂੰ ਬਾਅਦ ਦੁਪਹਿਰ ਸ਼ੁਰੂ ਹੋਵੇਗਾ ਅਤੇ 14 ਦਸੰਬਰ ਨੂੰ ਸਵੇਰੇ ਤੇ ਸ਼ਾਮ ਦੇ ਸੈਸ਼ਨਾਂ ਦੌਰਾਨ ਵਿਧਾਨਕ ਕੰਮਕਾਜ ਹੋਵੇਗਾ। 15 ਦਸੰਬਰ ਨੂੰ ਪ੍ਰਸਤਾਵਿਤ ਵਿਧਾਨਕ ਕੰਮਕਾਜ ਪਿੱਛੋਂ ਅਣਮਿੱਥੇ ਸਮੇਂ ਲਈ ਉਠਾ ਦਿੱਤਾ ਜਾਵੇਗਾ।

## ਸਿੱਖ ਬੀਬੀਆਂ ਨੂੰ ਹੈਲਮਟ ਪਾਉਣ ਜਾਂ ਨਾ ਪਾਉਣ ਦੀ ਖੁੱਲ੍ਹ ਦਿੱਤੀ ਗਈ

ਚੰਡੀਗੜ੍ਹ, 3 ਦਸੰਬਰ, (ਪੋਸਟ ਬਿਊਰੋ)- ਅੱਗੇ ਤੋਂ ਸਿੱਖ ਬੀਬੀਆਂ ਲਈ ਚੰਡੀਗੜ੍ਹ ਵਿੱਚ ਹੈਲਮਟ ਪਾਉਣਾ ਲਾਜ਼ਮੀ ਨਾ ਹੋ ਕੇ ਹੈਲਮਟ ਪਾਉਣਾ ਜਾਂ ਨਾ ਪਾਉਣਾ ਉਨ੍ਹਾਂ ਦੀ ਮਰਜ਼ੀ ਹੋਵੇਗੀ। ਚੰਡੀਗੜ੍ਹ ਯੂ ਟੀ ਪ੍ਰਸ਼ਾਸਨ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਕਈ ਹੋਰ ਸਿੱਖ ਸੰਗਠਨਾਂ ਦੇ ਇਤਰਾਜ਼ ਪਿੱਛੋਂ ਆਪਣਾ ਫ਼ੈਸਲਾ ਬਦਲ ਲਿਆ ਹੈ।

ਇਸ ਤੋਂ ਪਹਿਲਾਂ ਜੁਲਾਈ ਵਿੱਚ ਪ੍ਰਸ਼ਾਸਨ ਨੇ ਜਦੋਂ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਉਸ ਵਿਚ ਸਭ ਔਰਤਾਂ ਨੂੰ ਹੈਲਮਟ ਲਾਜ਼ਮੀ ਕੀਤਾ ਗਿਆ ਸੀ, ਸਿਰਫ਼ ਉਨ੍ਹਾਂ ਔਰਤਾਂ ਨੂੰ ਇਸ ਦੀ ਛੋਟ ਦਿੱਤੀ ਸੀ, ਜੋ ਸਿਰ 'ਤੇ ਕੇਸਕੀ ਜਾਂ ਦਸਤਾਰ ਸਜਾਉਂਦੀਆਂ ਹਨ। ਵਰਣਨ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਔਰਤਾਂ ਦੇ ਲਈ ਹੈਲਮਟ ਪਹਿਨਣਾ ਜ਼ਰੂਰੀ ਹੋਣ ਦੇ ਆਦੇਸ਼ ਦਿੱਤੇ ਸਨ। ਬਾਅਦ ਵਿੱਚ ਪ੍ਰਸ਼ਾਸਨ ਇਸ ਕਦਮ ਤੋਂ ਪਿੱਛੇ ਹਟ ਗਿਆ ਅਤੇ ਸਿੱਖ ਬੀਬੀਆਂ ਲਈ ਹੈਲਮਟ 'ਆਪਸ਼ਨਲ' ਕੀਤਾ ਗਿਆ ਹੈ। ਇਸ ਨੂੰ ਪਾਉਣਾ ਜਾਂ ਨਾ ਪਾਉਣਾ ਉਨ੍ਹਾਂ ਦੀ ਮਰਜ਼ੀ ਹੋਵੇਗੀ। ਚੰਡੀਗੜ੍ਹ ਪੁਲਿਸ ਇਸ ਲਈ ਉਨ੍ਹਾਂ ਨੂੰ ਮਜਬੂਰ ਨਹੀਂ ਕਰੇਗੀ। ਇਸ ਕੰਮ ਲਈ ਮੋਟਰ ਵ੍ਹੀਕਲ ਐਕਟ-1988 ਦੇ ਰੂਲ 193 ਬਦਲ ਦਿੱਤਾ ਗਿਆ ਹੈ। ਸਿੱਖ ਬੀਬੀਆਂ ਤੋਂ ਇਲਾਵਾ ਹੋਰ ਔਰਤਾਂ ਤੇ ਮਰਦਾਂ ਨੂੰ ਹਾਲੇ ਵੀ ਹੈਲਮਟ ਪਾਉਣਾ ਲਾਜ਼ਮੀ ਹੋਵੇਗਾ, ਸਿਰਫ਼ ਉਨ੍ਹਾਂ ਨੂੰ ਛੋਟ ਰਹੇਗੀ, ਜਿਨ੍ਹਾਂ ਨੂੰ ਸਿਰ 'ਤੇ ਸੱਟ ਜਾਂ ਕਿਸੇ ਹੋਰ ਕਾਰਨ 'ਮੈਡੀਕਲੀ ਐਡਵਾਇਜ਼ਡ' ਕੀਤਾ ਗਿਆ ਹੈ।

# ਨੋਬਲ ਐਵਾਰਡਾਂ ਨਾਲ ਜੁੜੇ ਜੀਨ ਅਰਨਾਲਟ ਬਲਾਤਕਾਰ ਦੇ ਇਕ ਹੋਰ ਕੇਸ ਵਿੱਚ ਦੋਸ਼ੀ ਮੰਨੇ ਗਏ

ਸਟਾਕਹੋਮ, 3 ਦਸੰਬਰ, (ਪੋਸਟ ਬਿਊਰੋ)- ਸਾਹਿਤ ਦਾ ਨੋਬਲ ਐਵਾਰਡ ਦੇਣ ਵਾਲੀ ਸਵੀਡਿਸ਼ ਅਕੈਡਮੀ ਨਾਲ ਸੰਬੰਧਤ ਫੋਟੋਗ੍ਰਾਫਰ ਜੀਨ ਕਲਾਊਡ ਅਰਨਾਲਟ ਨੂੰ ਅਪੀਲੀ ਅਦਾਲਤ ਨੇ ਬਲਾਤਕਾਰ ਦੇ ਇਕ ਹੋਰ ਕੇਸ 'ਚ ਦੋਸ਼ੀ ਕਰਾਰ ਦਿੱਤਾ ਤੇ ਉਨ੍ਹਾਂ ਨੂੰ ਢਾਈ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਇਕ ਕੇਸ 'ਚ ਦੋਸ਼ੀ ਮੰਨਦੇ ਹੋਏ ਦੋ ਸਾਲ ਦੀ ਸਜ਼ਾ ਸੁਣਾਈ ਸੀ।

ਵਰਨਣ ਯੋਗ ਹੈ ਕਿ ਅਰਨਾਲਟ ਨਵੰਬਰ 2017 'ਚ ਓਦੋਂ ਖਬਰਾਂ ਵਿੱਚ ਆਏ ਸਨ, ਜਦੋਂ 'ਮੀ ਟੂ' ਮੁਹਿੰਮ ਵਜੋਂ 18 ਔਰਤਾਂ ਨੇ ਉਨ੍ਹਾਂ ਉੱਤੇ ਬਲਾਤਕਾਰ ਦਾ ਦੋਸ਼ ਲਾਇਆ ਸੀ। ਇਸ ਸਾਲ ਅਕਤੂਬਰ 'ਚ ਇਕ ਅਦਾਲਤ ਨੇ 72 ਸਾਲਾ ਅਰਨਾਲਟ ਨੂੰ ਬਲਾਤਕਾਰ ਦੇ ਇਕ ਕੇਸ ਦਾ ਦੋਸ਼ੀ ਮੰਨਦੇ ਹੋਏ ਦੋ ਸਾਲ ਦੀ ਸਜ਼ਾ ਕੀਤੀ ਸੀ। ਇਹ ਬਲਾਤਕਾਰ ਮਾਮਲਾ ਸਾਲ 2011 ਦਾ ਹੈ। ਪੀੜਤ ਔਰਤ ਨੇ ਅਰਨਾਲਟ ਉਤੇ ਦੋ ਵਾਰੀ ਬਲਾਤਕਾਰ ਕਰਨ ਦਾ ਦੋਸ਼ ਲਾਇਆ ਸੀ। ਅਦਾਲਤ ਨੇ ਦੂਸਰਾ ਦੋਸ਼ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਪੀੜਤਾ ਦੀ ਦਲੀਲ ਭਰੋਸੇ ਯੋਗ ਨਹੀਂ। ਅਪੀਲੀ ਅਦਾਲਤ ਨੇ ਸੁਣਵਾਈ ਕਰਦੇ ਹੋਏ ਕਿਹਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਉਹ ਬਲਾਤਕਾਰ ਦਾ ਦੋਸ਼ੀ ਹੈ। ਪੀੜਤਾ ਦਾ ਬਿਆਨ ਵੀ ਮਿਲਦੇ ਸਬੂਤਾਂ ਨਾਲ ਮੇਲ ਖਾਂਦਾ ਹੈ। ਸਜ਼ਾ ਦੇਂਦੇ ਹੋਏ ਅਦਾਲਤ ਨੇ ਕਿਹਾ ਕਿ ਅਰਨ-ਾਲਟ ਦੀ ਉਮਰ ਧਿਆਨ 'ਚ ਰੱਖੀ ਗਈ ਹੈ। ਅਦਾਲਤ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਕੇਸ ਬੜੇ ਲੰਬੇ ਸਮੇਂ ਬਾਅਦ ਜਾਂਚ ਲਈ ਆਇਆ ਹੈ।

ਅਰਨਾਲਟ ਉੱਤੇ ਇਹੋ ਜਿਹੇ ਦੋਸ਼ ਲੱਗਣ ਤੋਂ ਬਾਅਦ ਨੋਬਲ ਕਮੇਟੀ ਨਾਲ ਜੁੜੇ ਕੁਝ ਹੋਰ ਬਲਾਤਕਾਰ ਕੇਸ ਵੀ ਪਤਾ ਲੱਗੇ ਸਨ। ਇਨ੍ਹਾਂ ਵਿਵਾਦਾਂ ਕਾਰਨ ਸਾਹਿਤ ਦੇ ਨੋਬਲ ਇਨਾਮਾਂ ਦਾ ਫ਼ੈਸਲਾ ਕਰਨ ਵਾਲੇ 18 ਮੈਂਬਰੀ ਬੋਰਡ ਦੇ ਅੱਠ ਮੈਂਬਰਾਂ ਨੇ ਆਪਣੇ ਆਪ ਨੂੰ ਅਕੈਡਮੀ ਤੋਂ ਵੱਖ ਕਰ ਕਰ ਲਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਇਨ੍ਹਾਂ ਦੋਸ਼ਾਂ ਕਾਰਨ ਐਵਾਰਡ ਅਤੇ ਅਕੈਡਮੀ ਨੂੰ ਧੱਕਾ ਲੱਗਾ ਹੈ। ਅਰਨਾਲਟ ਉੱਤੇ ਇਹ ਵੀ ਦੋਸ਼ ਲੱਗਦਾ ਹੈ ਕਿ ਉਨ੍ਹਾਂ ਨੇ ਸੱਤ ਵਾਰੀ ਨੋਬਲ ਜੇਤੂਆਂ ਦਾ ਨਾਂ ਨਤੀਜਾ ਐਲਾਨੇ ਜਾਣ ਤੋਂ ਪਹਿਲਾਂ ਹੀ ਲੀਕ ਕਰ ਦਿੱਤਾ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
Body Centre
Specializing in:
- Collision • Custom Painting
- Mechanical Service
- Frame & Unibody Repair
- Insurance Claims Welcome
Inderjit Singh - Lic. Auto Body Technician/Lic. Mec.
MINISTRY APPROVED SALVAGE INSPECTION STATION
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
Satnam Singh Lic. Auto Body Technician
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੈਫਿਕ ਫਲੌ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੈਫਿਕ ਫਲੌ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੌ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਨੌਜਵਾਨਾਂ ਨੂੰ ਫਸਾਉਣ ਲਈ ਔਰਤਾਂ ਨੂੰ ਵਰਤਦੇ ਹਨ ਪਾਕਿਸਤਾਨੀ ਅੱਤਵਾਦੀ ਗਰੁੱਪ

ਵਾਸ਼ਿੰਗਟਨ, 3 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਰਗਰਮ ਅੱਤਵਾਦੀ ਗਰੁੱਪ ਨੌਜਵਾਨਾਂ ਨੂੰ ਅੱਤਵਾਦ ਵੱਲ ਖਿੱਚਣ ਲਈ ਔਰਤਾਂ ਨੂੰ ਮੋਹਰੇ ਵਜੋਂ ਵਰਤ ਰਹੇ ਹਨ ਤਾਂ ਕਿ ਹਥਿਆਰ ਲਿਆਉਣ 'ਤੇ ਲਿਜਾਣ ਜਾਂ ਅੱਤਵਾਦੀਆਂ ਨੂੰ ਘੁਸਪੈਠ ਕਰਾਉਣ ਲਈ ਗਾਈਡ ਵਜੋਂ ਇਨ੍ਹਾਂ ਨੌਜਵਾਨਾਂ ਦੀ ਵਰਤੋਂ ਕੀਤੀ ਜਾ ਸਕੇ।



ਅਧਿਕਾਰੀਆਂ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਚਲਾਈ ਮੁਹਿੰਮ ਤਹਿਤ ਸਈਅਦ ਸ਼ਾਜੀਆ ਨੂੰ ਬਾਂਦੀਪੋਰ ਤੋਂ ਕੁਝ ਦਿਨ ਪਹਿਲਾਂ ਗ੍ਰਿਫਤਾਰ ਕੀਤਾ ਗਿਆ। ਫੇਸਬੁਕ, ਇੰਸਟਾਗ੍ਰਾਮ ਜਿਹੀ ਸੋਸ਼ਲ ਮੀਡੀਆ ਸਾਈਟਾਂ 'ਤੇ ਉਨ੍ਹਾਂ ਦੇ ਕਈ ਖਾਤੇ ਸਨ ਜਿਸ ਨੂੰ ਘਾਟੀ ਵਿੱਚ ਕਈ ਨੌਜਵਾਨਾਂ ਨੇ ਫਾਲੋ ਕਰ ਕੇ ਰੱਖਿਆ ਸੀ। ਉਨ੍ਹਾਂ ਦੱਸਿਆ ਕਿ ਕੇਂਦਰੀ ਸੁਰੱਖਿਆ ਏਜੰਸੀਆਂ ਵੱਲੋਂ ਪਿਛਲੇ ਸੱਤ ਮਹੀਨੇ ਵਿੱਚ ਵਰਤੇ ਗਏ ਇੰਟਰਨੈਟ ਪ੍ਰੋਟੋਕਾਲ 'ਤੇ ਨਜ਼ਰ ਰੱਖੀ ਹੋਈ ਸੀ। ਉਹ ਨੌਜਵਾਨਾਂ ਨਾਲ ਗੱਲ ਕਰਦੀ ਸੀ ਤੇ ਕਹਿੰਦੀ ਸੀ ਕਿ ਜੇ ਉਹ ਉਸ ਨੂੰ ਮਿਲਣਾ ਚਾਹੁੰਦਾ ਹਾਂ ਕਿ ਕਿਸੇ ਸਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾ ਦੇਵੇ। ਸ਼ਾਜੀਆ ਪੁਲਸ ਦੇ ਵੀ ਕਈ ਅਧਿਕਾਰੀਆਂ ਦੇ ਸੰਪਰਕ ਵਿੱਚ ਸੀ, ਪਰ ਅਧਿਕਾਰੀਆਂ ਨੇ ਇਸ ਨੂੰ 'ਡਬਲ ਕਰਾਸ' ਦੀ ਆਮ ਰਣਨੀਤੀ ਕਿਹਾ ਹੈ, ਕਿਉਂਕਿ ਉਹ ਸਰਹੱਦ ਪਾਰ ਆਪਣੇ ਆਕਾਵਾਂ ਨੂੰ ਭਾਰਤੀ ਫੌਜ ਦੀ ਆਵਾਜਾਈ ਬਾਰੇ ਅਜਿਹੀਆਂ ਸੂਚਨਾਵਾਂ ਦੇਂਦੀ ਸੀ, ਜੋ ਬਹੁਤ ਸੰਵੇਦਨਸ਼ੀਲ ਨਹੀਂ ਸਨ। ਪੁੱਛ-ਪੜਤਾਲ ਦੌਰਾਨ ਉਸ ਨੂੰ ਜਾਂਚਕਾਰਾਂ ਨੂੰ ਅੱਤਵਾਦੀ ਜਥੇਬੰਦੀਆਂ ਵਿੱਚ ਮੌਜੂਦ ਹੋਰ ਔਰਤਾਂ ਬਾਰੇ ਵੀ ਦੱਸਿਆ ਜਿਨ੍ਹਾਂ ਨੂੰ ਨੌਜਵਾਨਾਂ ਨੂੰ ਅੱਤਵਾਦ ਵੱਲ ਖਿੱਚਣ ਦਾ ਕੰਮ ਦਿੱਤਾ ਗਿਆ ਹੈ। ਸ਼ਾਜੀਆ ਦੀ ਗ੍ਰਿਫਤਾਰੀ ਤੋਂ ਇੱਕ ਹਫਤਾ ਪਹਿਲਾਂ ਖੁਫੀਆ ਜਾਣਕਾਰੀ ਦੇ ਆਧਾਰ 'ਤੇ 17 ਨਵੰਬਰ ਨੂੰ ਜੰਮੂ ਕਸ਼ਮੀਰ ਪੁਲਸ ਨੇ ਆਸੀਆ ਜਾਨ ਨੂੰ ਸ਼ਹਿਰ ਦੀ ਬਾਹਰੀ ਸੀਮਾ 'ਤੇ ਲਾਵ-ਪੋਰਾ ਤੋਂ 20 ਗ੍ਰਨੇਡ ਲਿਜਾਂਦੇ ਗ੍ਰਿਫਤਾਰ ਕੀਤਾ ਸੀ।

## ਵਿਵਾਦਤ ਢਾਂਚਾ ਢਾਹੁਣ ਦੀ ਬਰਸੀ 'ਤੇ ਸੁਰੱਖਿਆ ਦੇ ਪੱਕੇ ਪ੍ਰਬੰਧ

ਅਯੁੱਧਿਆ, 3 ਦਸੰਬਰ (ਪੋਸਟ ਬਿਊਰੋ)- ਅਯੁੱਧਿਆ ਵਿੱਚ ਬਾਬਰੀ ਮਸਜਿਦ ਦਾ ਵਿਵਾਦਤ ਢਾਂਚਾ ਢਾਹੁਣ ਦੀ 26ਵੀਂ ਬਰਸੀ (ਛੇ ਦਸੰਬਰ) ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸ਼ੌਰੀਆ ਦਿਵਸ ਮਨਾਉਣ ਅਤੇ ਮੁਸਲਿਮ ਸੰਗਠਨਾਂ ਨੇ ਯੌਮੇ ਗਮ ਮਨਾਉਣ ਦਾ ਐਲਾਨ ਕੀਤਾ। ਇਸ ਕਾਰਨ ਪੁਲਸ ਨੇ ਉਥੇ ਸੁਰੱਖਿਆ ਦੇ ਪੱਕੇ ਪ੍ਰਬੰਧ ਕੀਤੇ ਹਨ। ਇਸ ਦੌਰਾਨ ਧਰਮ ਫੌਜ ਨੇ ਸਰਯੂ ਦੇ ਕਿਨਾਰੇ ਰਾਮ ਦੀ ਪੌੜੀ 'ਤੇ ਪੰਜ ਘੰਟੇ ਦਾ ਵਰਤ ਕਰਨ ਦਾ ਐਲਾਨ ਕੀਤਾ ਹੈ। ਦੂਸਰੇ ਪਾਸੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ ਸੂਬਾ ਪ੍ਰਧਾਨ ਡਾ. ਨਜਮੁਲ ਹਸਨ ਗਨੀ ਨੇ ਇਹ ਕਿਹਾ ਹੈ ਕਿ ਛੇ ਦਸੰਬਰ ਨੂੰ ਮੁਸਲਿਮ ਲੀਗ ਕਾਲਾ ਦਿਵਸ ਦੇ ਰੂਪ ਵਿੱਚ ਮਨਾਵੇਗੀ ਅਤੇ ਉਸ ਦਿਨ ਗਾਂਧੀ ਪਾਰਕ ਵਿੱਚ ਧਰਨਾ ਪ੍ਰਦਰਸ਼ਨ ਕਰਕੇ ਦੋਬਾਰਾ ਬਾਬਰੀ ਮਸਜਿਦ ਬਣਉਣ ਦੀ ਮੰਗ ਕੀਤੀ ਜਾਵੇਗੀ।

# ਨੋਟਬੰਦੀ ਦੇ ਬਾਵਜੂਦ ਕਾਲੇ ਧਨ ਉੱਤੇ ਕੋਈ ਅਸਰ ਨਹੀਂ: ਰਾਵਤ


ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਬੀਤੇ ਦਿਨ ਸੇਵਾਮੁਕਤ ਹੋਏ ਮੁੱਖ ਚੋਣ ਕਮਿਸ਼ਨਰ ਓ ਪੀ ਰਾਵਤ ਨੇ ਕਿਹਾ ਕਿ ਨੋਟਬੰਦੀ ਦੇ ਬਾਵਜੂਦ ਕਾਲੇ ਧਨ ਉੱਤੇ ਕੋਈ ਅਸਰ ਨਹੀਂ ਪਿਆ। ਅੰਗਰੇਜ਼ੀ ਦੀ ਇੱਕ ਅਖਬਾਰ ਨੂੰ ਦਿੱਤੀ ਇੰਟਰਵਿਊ ਦੌਰਾਨ ਸਾਬਕਾ ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਨੋਟਬੰਦੀ ਪਿੱਛੋਂ ਅਸੀਂ ਚੋਣਾਂ ਦੌਰਾਨ ਭਾਰੀ ਮਾਤਰਾ ਵਿੱਚ ਕਾਲਾ ਧਨ ਫੜਿਆ ਸੀ। ਮੌਜੂਦਾ ਸਮੇਂ ਵਿੱਚ ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਦੌਰਾਨ ਲਗਭਗ 200 ਕਰੋੜ ਰੁਪਏ ਜ਼ਬਤ ਕੀਤੇ ਗਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਚੋਣਾਂ ਦੌਰਾਨ ਵੀ ਪੈਸਾ ਅਜਿਹੀਆਂ ਥਾਵਾਂ ਤੋਂ ਆ ਰਿਹਾ ਹੈ, ਜਿੱਥੇ ਨੋਟਬੰਦੀ ਦਾ ਕੋਈ ਅਸਰ ਨਹੀਂ ਪਿਆ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ਗੜਬੜ ਬਾਰੇ ਉਨ੍ਹਾਂ ਕਿਹਾ ਕਿ ਕਮਿਸ਼ਨ ਵੋਟਰਾਂ ਨੂੰ



ਜਾਗਰੂਕ ਕਰਨ ਲਈ ਜਨਤਕ ਥਾਵਾਂ ਉਤੇ ਮੁਹਿੰਮ ਚਲਾ ਰਿਹਾ ਹੈ। ਅਸੀਂ ਆਪਣੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੀ ਵੀ ਪੈਟ ਮਸ਼ੀਨਾਂ ਹਰ ਥਾਂ ਭੇਜੀਆਂ ਹਨ। ਲੋਕਾਂ ਨੂੰ ਇਹ ਕਿਹਾ ਗਿਆ ਹੈ ਕਿ ਉਹ ਆਉਣ, ਵੋਟ ਪਾਉਣ ਅਤੇ ਫਿਰ ਸਲਿੱਪ ਨੂੰ ਜੋੜ ਕੇ ਦੇਖਣ। ਇਸ ਨਾਲ ਉਨ੍ਹਾਂ ਵਿੱਚ ਭਰੋਸਾ ਵਧੇਗਾ। ਰਾਵਤ ਨੇ ਕਿਹਾ ਕਿ 99 ਫੀਸਦੀ ਪਾਰਟੀਆਂ ਈ ਵੀ ਐੱਮ ਦੇ ਹੱਕ ਵਿੱਚ ਹਨ। ਜਦੋਂ ਸਿਆਸੀ ਪਾਰਟੀਆਂ ਨੂੰ ਕਿਹਾ ਗਿਆ ਕਿ ਉਹ ਆਉਣ ਤੇ ਮਸ਼ੀਨਾਂ ਚੈੱਕ ਕਰਨ ਤਾਂ ਸਿਰਫ ਦੋ ਫੀਸਦੀ ਲੋਕ ਆਏ। ਉਨ੍ਹਾਂ ਇਹ ਵੀ ਕਿਹਾ ਕਿ ਉਹ ਸਿਰਫ ਇਸ ਮਸ਼ੀਨ ਤੋਂ ਸਿੱਖਣ ਆਏ ਹਨ। ਚੋਣ ਕਮਿਸ਼ਨ ਦੀ ਵੈਬਸਾਈਟ ਉਤੇ ਵੀ ਈ ਵੀ ਐਮ ਨਾਲ ਸੰਬੰਧਤ ਸਾਰੀ ਜਾਣਕਾਰੀ ਦਿੱਤੀ ਗਈ ਹੈ। ਈ ਵੀ ਐਮ ਨੂੰ ਇੰਟਰਨੈਟ ਨਾਲ ਕਨੈਕਟ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਦੀ ਹੈਕਿੰਗ ਨਹੀਂ ਹੋ ਸਕਦੀ। ਚੋਣਾਂ ਵਿੱਚ ਸੋਸ਼ਲ ਮੀਡੀਆ ਦੇ ਪ੍ਰਭਾਵ 'ਤੇ ਉਨ੍ਹਾਂ ਕਿਹਾ ਕਿ ਇਸ ਕਾਰਨ ਚੋਣਾਂ 'ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਅਜਿਹੀ ਹਾਲਤ ਸਿਰਫ ਭਾਰਤ ਵਿੱਚ ਹੀ ਨਹੀਂ, ਸਾਰੀ ਦੁਨੀਆ ਵਿੱਚ ਹੈ।

## ਵਧੇਰੇ ਐਂਟੀ ਬਾਇਓਟਿਕ ਲੈਣ ਨਾਲ ਹੋ ਸਕਦੀਆਂ ਹਨ ਪੇਟ ਦੀਆਂ ਗੰਭੀਰ ਬਿਮਾਰੀਆਂ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਰੋਜ਼ ਦੀ ਦੌੜ-ਭੱਜ ਵਾਲੀ ਜ਼ਿੰਦਗੀ ਵਿੱਚ ਲੋਕ ਸਿਰਦਰਦ, ਪੇਟ ਦਰਦ ਜਾਂ ਬੁਖਾਰ ਹੋਣ 'ਤੇ ਡਾਕਟਰ ਦੀ ਸਲਾਹ ਲਏ ਬਿਨਾਂ ਕੋਈ ਵੀ ਐਂਟੀ ਬਾਇਓਟਿਕ ਦਵਾਈ ਲੈ ਲੈਂਦੇ ਹਨ। ਸਿਹਤ ਠੀਕ ਹੋਣ 'ਤੇ ਵੀ ਅਕਸਰ ਅਜਿਹੀਆਂ ਦਵਾਈਆਂ ਲੈਂਦੇ ਹਨ। ਡਾਕਟਰਾਂ ਨੇ ਲੋੜ ਤੋਂ ਵੱਧ ਐਂਟੀ ਬਾਇਓਟਿਕ ਦਵਾਈਆਂ ਦੀ ਵਰਤੋਂ ਕਰਨ 'ਤੇ ਡਾਇਰੀਆ ਸਮੇਤ ਪੇਟ ਦੀਆਂ ਗੰਭੀਰ ਬਿਮਾਰੀਆਂ ਹੋਣ ਦੀ ਚਿਤਾਵਨੀ ਜਾਰੀ ਕੀਤੀ ਹੈ।




ਨਾਰਾਇਣਾ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਇੰਟਰਨਲ ਮੈਡੀਸਨ ਸੀਨੀਅਰ ਕੰਸਲਟੈਂਟ ਡਾਕਟਰ ਸਤੀਸ਼ ਕੌਲ ਦਾ ਕਹਿਣਾ ਹੈ ਕਿ ਲੋੜ ਤੋਂ ਵੱਧ ਐਂਟੀ ਬਾਇਓਟਿਕ ਸਾਬਤ ਹੋ ਸਕਦੇ ਹਨ। ਇਸ ਨਾਲ ਲੋਕਾਂ ਨੂੰ ਡਾਇਰੀਆ ਹੋ ਸਕਦਾ ਹੈ ਅਤੇ ਪੇਟ ਨਾਲ ਸੰਬੰਧਤ ਕਈ ਹੋਰ ਗੰਭੀਰ ਬਿਮਾਰੀਆਂ ਲੱਗ ਸਕਦੀਆਂ ਹਨ। ਗਲਤ ਐਂਟੀ ਬਾਇਓਟਿਕ ਲੈਣਾ ਇੱਕ ਸਮੱਸਿਆ ਬਣ ਸਕਦਾ ਹੈ। ਜੇ ਕਿਸੇ ਨੂੰ ਕਿਸੇ ਦਵਾਈ ਤੋਂ ਐਲਰਜੀ ਹੈ ਤਾਂ ਐਂਟੀ ਬਾਇਓਟਿਕ ਇੱਕ ਵੱਡੀ ਸਮੱਸਿਆ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਐਂਟੀ ਬਾਇਓਟਿਕ ਰੋਕੂ ਸਮਰੱਥਾ ਦੁਨੀਆ ਦੀ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਐਂਟੀ ਬਾਇਓਟਿਕ ਦੀ ਸਹੀ ਵਰਤੋਂ ਅਤੇ ਉਸ ਦੇ ਕੰਮ ਕਰਨ ਦੇ ਢੰਗ ਬਾਰੇ ਦੱਸਣਾ ਚਾਹੀਦਾ ਹੈ ਤਾਂ ਜੋ ਇਸ ਸਮੱਸਿਆ ਦਾ ਹੱਲ ਹੋ ਸਕੇ। ਸਾਨੂੰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ ਬਿਨਾਂ ਲੋੜ ਤੋਂ ਐਂਟੀ ਬਾਇਓਟਿਕ ਦਵਾਈ ਲੈਣ ਨਾਲ ਐਂਟੀ ਬਾਇਓਟਿਕ ਦਵਾਈ ਲੈਣ ਨਾਲ ਐਂਟੀ ਬਾਇਓਟਿਕ ਰੋਕੂ ਸਮਰੱਥਾ ਵਿੱਚ ਵਾਧਾ ਹੋ ਜਾਂਦਾ ਹੈ। ਇਹ ਕੌਮਾਂਤਰੀ ਪੱਧਰ 'ਤੇ ਸਿਹਤ ਲਈ ਸਭ ਤੋਂ ਵੱਡੇ ਖਤਰਿਆਂ ਵਿੱਚੋਂ ਇੱਕ ਹੈ।

# ਵਟਸਐਪ ਨੇ ਕੈਸ਼ ਭੁਗਤਾਨ ਸੇਵਾ ਦੇਣ ਲਈ ਰਿਜ਼ਰਵ ਬੈਂਕ ਕੋਲੋਂ ਮਨਜ਼ੂਰੀ ਮੰਗੀ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਵਟਸਐਪ ਦੇ ਮੁਖੀ ਨੇ ਰਿਜ਼ਰਵ ਬੈਂਕ ਨੂੰ ਪੱਤਰ ਲਿਖ ਕੇ ਭਾਰਤ ਦੇ ਕੁੱਲ 200 ਮਿਲੀਅਨ ਗ੍ਰਾਹਕਾਂ ਨੂੰ ਭੁਗਤਾਨ ਸੇਵਾਵਾਂ ਦੇਣ ਲਈ ਮਨਜ਼ੂਰੀ ਦੇਣ ਦੀ ਮੰਗ ਕੀਤੀ ਹੈ। ਇਸ ਐਪ ਰਾਹੀਂ ਝੂਠੀਆਂ ਅਫਵਾਹਾਂ ਫੈਲਣ ਕਾਰਨ ਸਰਕਾਰ ਦੀ ਨਾਰਾਜ਼ਗੀ ਮੁੱਲ ਲੈਣ ਵਾਲੀ ਇਸ ਐਪ ਨੂੰ ਭਾਰਤ ਵਿੱਚ ਵੱਡੇ ਪੱਧਰ ਉਤੇ ਭੁਗਤਾਨ ਸੇਵਾਵਾਂ ਮੁਹੱਈਆ ਕਰਵਾਉਣ ਲਈ ਮਨਜ਼ੂਰੀ ਹਾਸਲ ਕਰਨ ਲਈ ਇੰਤਜ਼ਾਰ ਕਰਨਾ ਪੈ ਰਿਹਾ ਹੈ।




ਵਰਨਣ ਯੋਗ ਹੈ ਕਿ ਮੌਜੂਦਾ ਸਮੇਂ ਵਟਸਐਪ ਦੀਆਂ ਕਈ ਮੁਕਾਬਲੇ ਦੀਆਂ ਕੰਪਨੀਆਂ ਜਿਵੇਂ ਕਿ ਗੂਗਲ ਅਤੇ ਕੁਝ ਹੋਰ ਇਹ ਭੁਗਤਾਨ ਸੇਵਾਵਾਂ ਦੇਣ ਵਿੱਚ ਇਸ ਤੋਂ ਅੱਗੇ ਲੰਘ ਗਈਆਂ ਹਨ। ਵਟਸਐਪ ਦੇ ਮੁਖੀ ਕ੍ਰਿਸ ਡੇਨੀਅਲਜ਼ ਨੇ ਰਿਜ਼ਰਵ ਬੈਂਕ ਦੇ ਗਵਰਨਰ ਨੂੰ ਪੱਤਰ ਲਿਖ ਕੇ ਭਾਰਤ ਦੇ ਸਾਰੇ ਗ੍ਰਾਹਕਾਂ ਤੱਕ ਭੁਗਤਾਨ ਸੇਵਾਵਾਂ ਪੁਚਾਉਣ ਦੀ ਮਨਜ਼ੂਰੀ ਦੇਣ ਲਈ ਬੇਨਤੀ ਕੀਤੀ ਹੈ। ਬੀਤੀ ਪੰਜ ਨਵੰਬਰ ਨੂੰ ਲਿਖੇ ਇਸ ਪੱਤਰ ਵਿੱਚ ਇਹ ਦੱਸਿਆ ਗਿਆ ਹੈ ਕਿ ਵਟਸਐਪ ਦੇ ਹਿੱਸੇਦਾਰ ਬੈਂਕਾਂ ਨੇ ਵੀ ਸਰਕਾਰੀ ਪੱਧਰ 'ਤੇ ਇਹ ਮਨਜ਼ੂਰੀ ਹਾਸਲ ਕਰਨ ਲਈ ਬੇਨਤੀ ਕੀਤੀ ਹੈ। ਵਟਸਐਪ ਦੇ ਬੁਲਾਰੇ ਨੇ ਦੱਸਿਆ ਕਿ ਕੰਪਨੀ ਵੱਲੋਂ ਭਾਰਤ ਸਰਕਾਰ, ਨੈਸ਼ਨਲ ਪੇਅਮੈਂਟਸ ਕਾਰਪੋਰੇਸ਼ਨ ਆਫ ਇੰਡੀਆ ਅਤੇ ਕਈ ਬੈਂਕਾਂ ਤੇ ਭੁਗਤਾਨ ਸੇਵਾਵਾਂ ਦੇਣ ਵਾਲੇ ਪੋਵਾਈਡਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਕਿ ਵੱਧ ਤੋਂ ਵੱਧ ਲੋਕਾਂ ਤੱਕ ਇਹ ਸੇਵਾ ਮੁਹੱਈਆ ਕਰਵਾਈ ਜਾ ਸਕੇ ਅਤੇ ਦੇਸ਼ ਦੀ ਡਿਜੀਟਲ ਅਰਥ ਵਿਵਸਥਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

### ਡਿਨਰ ਡਿਪਲੋਮੇਸੀ:

# ਟਰੰਪ-ਸ਼ੀ ਮਿਲੇ ਤਾਂ 90 ਦਿਨਾਂ ਤੱਕ ਨਵਾਂ ਟੈਰਿਫ ਨਾ ਲਾਉਣ ਉਤੇ ਸਹਿਮਤੀ ਬਣੀ

ਬਿਊਨਸ ਆਇਰਸ (ਅਰਜਨਟੀਨਾ), 3 ਦਸੰਬਰ (ਪੋਸਟ ਬਿਊਰੋ)- ਅਮਰੀਕਾ ਅਤੇ ਚੀਨ ਦਰਮਿਆਨ ਜਾਰੀ ਟ੍ਰੇਡ ਵਾਰ ਬਾਰੇ ਸਾਕਾਰਾਤਮਕ ਸੰਕੇਤ ਮਿਲੇ ਦੱਸੇ ਜਾ ਰਹੇ ਹਨ।

ਜੀ-20 ਸੰਮੇਲਨ ਤੋਂ ਇਲਾਵਾ ਅਰਜਨਟੀਨਾ 'ਚ ਸ਼ਨੀਵਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ ਵਿੱਚ ਕਾਫੀ ਗਰਮਜੋਸ਼ੀ ਵੇਖੀ ਗਈ। ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਟਰੰਪ ਅਤੇ ਸ਼ੀ ਦੀ ਬਿਊਨਸ ਆਇਰਸ ਵਿੱਚ ਹੋਈ ਬੈਠਕ ਸਫਲ ਰਹੀ। ਦੋਵਾਂ ਨੇਤਾਵਾਂ ਵਿੱਚ ਇੱਕ ਜਨਵਰੀ 2019 ਤੋਂ ਇੱਕ ਦੂਜੇ 'ਤੇ ਨਵੀਂ ਇੰਪੋਰਟ ਡਿਊਟੀ ਨਾ ਲਾਉਣ 'ਤੇ ਸਹਿਮਤੀ ਬਣ ਗਈ ਹੈ। ਦੋਵਾਂ ਨੇਤਾਵਾਂ ਨੇ ਮੌਜੂਦਾ ਟ੍ਰੇਡ ਵਾਰ ਨੂੰ ਖਤਮ ਕਰਨ ਲਈ ਲਗਾਤਾਰ ਗੱਲਬਾਤ ਕਰਨ ਦੀ ਵਚਨਬੱਧਤਾ ਜਤਾਈ। ਇਸ ਮੌਕੇ



ਦੋਵਾਂ ਨੇ ਇਕੱਠੇ ਡਿਨਰ ਵੀ ਕੀਤਾ। ਡਿਨਰ ਡਿਪਲੋਮੇਸੀ ਦੇ ਬਾਅਦ ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਅਤੇ ਚੀਨ ਦੇ ਰਿਸ਼ਤਿਆਂ 'ਤੇ ਪਈ ਬਰਫ ਜਲਦ ਪਿਘਲ ਸਕਦੀ ਹੈ। ਜੀ-20 ਸੰਮੇਲਨ ਤੋਂ ਇਲਾਵਾ ਸ਼ਨੀਵਾਰ ਨੂੰ ਟਰੰਪ ਅਤੇ ਸ਼ੀ 'ਚ ਡਿਨਰ ਬੈਠਕ ਲਗਭਗ ਢਾਈ ਘੰਟੇ ਤੱਕ ਚੱਲੀ। ਟਰੰਪ ਨੇ ਚੀਨ 'ਤੇ ਨੱਬੇ ਦਿਨਾਂ ਲਈ 200 ਅਰਬ ਡਾਲਰ ਦੇ ਸਾਮਾਨ 'ਤੇ ਡਿਊਟੀ ਲਾਉਣ ਦੀ ਯੋਜਨਾ ਨੂੰ ਰੋਕ ਦਿੱਤਾ। ਇਸ ਦੌਰਾਨ ਆਮ ਸਹਿਮਤੀ ਬਣਾਉਣ ਦੀ ਗੱਲ ਕਹੀ ਗਈ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਇੱਕ ਜਨਵਰੀ 2019 ਤੋਂ ਚੀਨ ਦੇ 200 ਅਰਬ ਡਾਲਰ ਮੁੱਲ ਦੇ ਸਾਮਾਨ 'ਤੇ 10 ਤੋਂ 25 ਫੀਸਦੀ ਤੱਕ ਇੰਪੋਰਟ ਡਿਊਟੀ ਲਾਉਣ ਜਾ ਰਿਹਾ ਸੀ। ਟਰੰਪ ਨੇ ਕਿਹਾ ਕਿ ਦੋਵੇਂ ਨੇਤਾ ਅਤੇ ਉਨ੍ਹਾਂ ਦੇ ਸਲਾਹਕਾਰ ਕਈ ਵਿਸ਼ਿਆਂ 'ਤੇ ਚਰਚਾ ਕਰਨਗੇ।

# ਟੈਟੂ ਵਾਲੀ ਗਰਲ ਫਰੈਂਡ ਲਈ ਫੁੱਟਬਾਲਰ ਸਰਜੀਓ ਨੇ 28 ਕਰੋੜ ਦਾ ਫਲੈਟ ਖਰੀਦਿਆ

ਮਾਨਚੈਸਟਰ, 3 ਦਸੰਬਰ (ਪੋਸਟ ਬਿਊਰੋ)- ਅਰਜਨਟੀਨਾ ਦਾ ਸਟਾਰ ਫੁੱਟਬਾਲਰ ਸਰਜੀਓ ਜਲਦ ਹੀ ਮਾਨਚੈਸਟਰ ਸਥਿਤ ਦੁਨੀਆ ਦੀ 7ਵੀਂ ਸਭ ਤੋਂ ਉਚੀ ਬਿਲਡਿੰਗ ਵਿੱਚ ਫਲੈਟ ਲੈ ਰਿਹਾ ਹੈ। ਦੁਨੀਆ ਦੀ ਸਭ ਤੋਂ ਮਹਿੰਗੀ ਪ੍ਰਾਪਰਟੀ 'ਚੋਂ ਇੱਕ ਇਸ ਬਿਲਡਿੰਗ ਦੇ ਇੱਕ ਫਲੈਟ ਲਈ ਸਰਜੀਓ ਲਗਭਗ 28 ਕਰੋੜ ਰੁਪਏ ਖਰਚੇਗਾ।



30 ਸਾਲਾ ਸਰਜੀਓ ਵੱਲੋਂ ਇਸ ਡੀਲ ਕਰਨ ਦੀ ਗੱਲ ਸਾਹਮਣੇ ਆਉਂਦੇ ਸਾਰ ਬੀਤੇ ਮਹੀਨੇ ਉਸ ਦੇ ਨਾਲ ਦਿਸੀ ਮਾਡਲ ਜ਼ੋ ਕ੍ਰਿਸਟੋਫੋਲੀ ਚਰਚਾ ਵਿੱਚ ਆ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਸਰਜੀਓ ਕ੍ਰਿਸਟੋਫੋਲੀ ਨਾਲ ਇਸੇ ਫਲੈਟ ਵਿੱਚ ਰਹਿਣ ਦਾ ਪਲਾਨ ਬਣਾ ਰਿਹਾ ਹੈ। ਕ੍ਰਿਸਟੋਫੋਲੀ ਪਿਛਲੇ ਮਹੀਨੇ ਸਰਜੀਓ ਨਾਲ ਇੱਕ ਨਾਈਟ ਕਲੱਬ ਦੇ ਬਾਹਰ ਦੇਖੀ ਗਈ ਸੀ। ਕਿਉਂਕਿ ਸਰਜੀਓ ਆਪਣੀ ਪਿਛਲੀ ਰਿਲੇਸ਼ਨਸ਼ਿਪ ਕਾਰਨ ਵਿਵਾਦਾਂ ਸੀ, ਇਸ ਤਰ੍ਹਾਂ ਨਵੀਂ ਲੜਕੀ ਨਾਲ ਉਸ ਦਾ ਦੇਖਿਆ ਜਾਣਾ ਸੁਰਖੀਆਂ ਬਣਾ ਗਿਆ ਸੀ। ਬਾਅਦ ਵਿੱਚ ਪਤਾ ਲੱਗਾ ਕਿ ਉਹ ਲੜਕੀ ਤਾਂ ਇਟਲੀ ਦੀ ਮਸ਼ਹੂਰ ਬਲਾਗਰ ਜ਼ੋ ਕ੍ਰਿਸ਼ਟੋਫੋਲੀ ਹੈ। ਮਾਨਚੈਸਟਰ ਸਿਟੀ ਦਾ ਮਸ਼ਹੂਰ ਸਟ੍ਰਾਈਕਰ ਸਰਜੀਓ ਕੱਲ੍ਹ ਆਪਣੇ ਦੋਸਤ ਨਾਲਡੀਂਸਗੇਟ ਸਕਵਾਇਰ ਸਾਊਥ ਟਾਵਰ ਵਿੱਚ ਇਹ ਫਲੈਟ ਲੈਣ ਦੀ ਗੱਲ ਕਰ ਰਿਹਾ ਸੀ। ਲਗਭਗ ਚਾਰ ਮਿਲੀਅਨ ਦੇ ਇਸ ਪ੍ਰੋਜੈਕਟ ਤੋਂ ਸਰਜੀਓ ਨੂੰ ਏਤੀਹਾਦ ਸਟੇਡੀਅਮ ਦੀ ਬਰਥ ਆਈ ਵਿਊ ਵੀ ਦੇਖਣ ਨੂੰ ਮਿਲੇਗੀ। ਮਾਨਚੈਸਟਰ ਯੂਨਾਈਟਿਡ ਲਈ 150 ਤੋਂ ਜ਼ਿਆਦਾ ਗੋਲ ਕਰ ਚੁੱਕਾ ਸਰਜੀਓ ਅੱਜਕੱਲ੍ਹ ਚੇਸ਼ਰ ਦੇ ਆਲਡੇਰੇਲੀ ਏਜ਼ 'ਚ ਰਹਿੰਦਾ ਹੈ। ਉਸ ਦੇ ਜਲਦ ਹੀ ਉਸ ਘਰ ਵਿੱਚ ਸ਼ਿਫਟ ਹੋਣ ਦੀ ਉਮੀਦ ਹੈ।

## ਇੰਜੀਨੀਅਰ ਲੋਕ ਪੀਸਾ ਦੇ ਝੁਕੇ ਮੀਨਾਰ ਨੂੰ ਸਿੱਧਾ ਕਰਨ ਰੁੱਝੇ

ਪੀਸਾ, 3 ਦਸੰਬਰ (ਪੋਸਟ ਬਿਊਰੋ)- ਪੀਸਾ ਦੇ ਝੁਕੇ ਹੋਏ ਮੀਨਾਰ ਨੂੰ ਇੰਜੀਨੀਅਰਿੰਗ ਰਾਹੀਂ ਸਿੱਧਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇੰਜੀਨੀਅਰਾਂ ਦੇ ਕਈ ਸਾਲਾਂ ਤੱਕ ਚੱਲੇ ਇਸ ਕਾਰਜ ਤੋਂ ਬਾਅਦ ਇਹ ਇਤਿਹਾਸਕ ਇਮਾਰਤ ਦਾ ਝੁਕਾਅ ਪਹਿਲਾਂ ਨਾਲੋਂ ਘਟਿਆ ਹੈ। ਹਰ ਸਾਲ ਇਥੇ ਆਉਂਦੇ ਲੱਖਾਂ ਸੈਲਾਨੀਆਂ ਲਈ 56 ਮੀਟਰ ਉਚਾ ਇਹ ਟਾਵਰ ਖਿੱਚ ਦਾ ਕੇਂਦਰ ਹੈ। ਸੰਨ 1173 ਵਿੱਚ ਇਸ ਮੀਨਾਰ ਦੇ ਬਣਨ ਸਮੇਂ ਇਹ ਝੁਕ ਗਿਆ ਸੀ, ਜਿਸ ਨੂੰ ਸੁਰੱਖਿਆ ਕਾਰਨਾਂ ਕਰਕੇ 1990 ਵਿੱਚ ਆਮ ਲੋਕਾਂ ਲਈ ਬੰਦ ਕਰ ਦਿੱਤਾ ਗਿਆ ਸੀ, ਕਿਉਂਕਿ ਇਹ 15 ਫੁੱਟ ਤੱਕ ਝੁਕ ਗਿਆ ਸੀ। ਪੀਸਾ ਦੀ ਇਮਾਰਤ ਦੀ ਦੇਖਭਾਲ ਕਰਨ ਵਾਲੀ ਓ ਪੀ ਏ ਦੇ ਤਕਨੀਕੀ ਡਾਇਰੈਕਟਰ ਸੇਲਾ ਨੇ ਕਿਹਾ, 'ਜਿਸ ਪਾਸਿਓਂ ਇਹ ਮੀਨਾਰ ਝੁਕ ਰਿਹਾ ਹੈ, ਅਸੀਂ ਉਥੇ ਕਈ ਅੰਡਰ ਗਰਾਊਂਡ ਟਿਊਬਾਂ ਲਾਈਆਂ ਹਨ। ਅਸੀਂ ਸਾਵਧਾਨੀ ਨਾਲ ਖੁਦਾਈ ਕਰਕੇ ਮਿੱਟੀ ਹਟਾਈ ਹੈ। ਇਸ ਤਕਨੀਕ ਰਾਹੀਂ ਅਸੀਂ ਅੱਧਾ ਡਿਗਰੀ ਤੱਕ ਝੁਕਾਅ ਠੀਕ ਕਰ ਲਿਆ ਹੈ।' ਪੀਸਾ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਦੇ ਲੈਕਚਰਰ ਨੁਨਜਿਆਂਤੇ ਸਕਵੇਗੀ-ਲਆ ਪਿਛਲੇ 25 ਸਾਲਾਂ ਤੋਂ ਇਸ ਟਾਵਰ ਬਾਰੇ ਅਧਿਐਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਲ 2001 ਤੱਕ ਮੀਨਾਰ 41 ਸੈਂਟੀਮੀਟਰ ਤੱਕ ਸਿੱਧਾ ਕੀਤਾ ਗਿਆ ਅਤੇ ਬਾਅਦ ਵਿੱਚ ਇਸ ਨੂੰ ਚਾਰ ਸੈਂਟੀਮੀਟਰ ਤੱਕ ਹੋਰ ਸਿੱਧਾ ਕੀਤਾ ਗਿਆ। ਇਸ ਦੌਰਾਨ, ਸੇਲਾ ਨੇ ਭਵਿੱਖਬਾਣੀ ਕੀਤੀ ਹੈ ਕਿ ਇਹ ਟਾਵਰ ਕਦੇ ਵੀ ਪੂਰੀ ਤਰ੍ਹਾਂ ਸਿੱਧਾ ਨਹੀਂ ਹੋਵੇਗਾ।


ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਦੁਪਹਿਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224





UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana Sales Rep





$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।




$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।




$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

# ਸੰਪਾਦਕੀ

## ਜਵਾਬ ਨਹੀਂ ਸਰਕਾਰ ਦੇ ਰਿਫਿਊਜੀ ਕਲੇਮੈਂਟਾਂ ਉੱਤੇ ਖਰਚਿਆਂ ਦਾ?

ਕੈਨੇਡਾ ਦੇ ਪਾਰਲੀਮਾਨੀ ਬੱਜਟ ਅਫਸਰ ਵੱਲੋਂ ਬੀਤੇ ਦਿਨੀਂ ਰਿਫਿਊਜੀ ਕਲੇਮ ਕਰਨ ਵਾਲਿਆਂ ਉੱਤੇ ਹੋਣ ਵਾਲੇ ਖਰਿਚਆਂ ਬਾਰੇ ਰਿਪੋਰਟ ਜਾਰੀ ਕੀਤੀ ਗਈ। ਇਸ ਰਿਪੋਰਟ ਦੇ ਅੰਕੜੇ ਹੈਰਾਨੀਜਨਕ ਵੀ ਹਨ ਅਤੇ ਬਹੁਤ ਕੁੱਝ ਅਜਿਹਾ ਸਪੱਸ਼ਟ ਕਰਨ ਵਾਲੇ ਵੀ ਜਿਸ ਬਾਰੇ ਲਿਬਰਲ ਸਰਕਾਰ ਬਹੁਤ ਕੁੱਝ ਸਾਂਝਾ ਕਰਨਾ ਨਹੀਂ ਚਾਹੁੰਦੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਗੈਰਕਨੂੰਨੀ ਰੂਪ ਵਿੱਚ ਦਾਖ਼ਲ ਹੋਏ ਰਿਫਿਊਜੀ ਕਲੇਮੈਂਟਾਂ ਦੀ ਦੇਖਰੇਖ ਉੱਤੇ ਸਰਕਾਰ ਨੂੰ 340 ਮਿਲੀਅਨ ਡਾਲਰ ਖਰਚ ਕਰਨੇ ਪੈਣਗੇ। ਇਹ ਖਰਚੇ 2019 ਵਿੱਚ ਵੱਧ ਕੇ 400 ਮਿਲੀਅਨ ਡਾਲਰ ਹੋ ਜਾਣਗੇ।

ਪਾਰਲੀਮਾਨੀ ਬੱਜਟ ਅਫਸਰ ਮੁਤਾਬਕ ਅਪਰੈਲ 2017 ਤੋਂ ਮਾਰਚ 2018 ਦਰਮਿਆਨ ਦਾਖਲ ਹੋਣ ਵਾਲੇ ਹਰ ਇੱਕ ਰਿਫਿਊਜੀ ਕਲੇਮੈਂਟ ਉੱਤੇ ਫੈਡਰਲ ਸਰਕਾਰ 14 ਹਜ਼ਾਰ 321 ਡਾਲਰ ਖਰਚ ਕਰੇਗੀ। ਚੇਤੇ ਰਹੇ ਕਿ ਇਹਨਾਂ ਖਰਚਿਆਂ ਵਿੱਚ ਪ੍ਰੋਵਿੰਸ਼ੀਅਲ ਸਰਕਾਰਾਂ ਅਤੇ ਲੋਕਲ ਮਿਊਂਸਪੈਲਟੀਆਂ ਵੱਲੋਂ ਕੀਤੇ ਗਏ ਖਰਚੇ ਸ਼ਾਮਲ ਨਹੀਂ ਹੈ। ਮਿਸਾਲ ਵਜੋਂ ਉਂਟੇਰੀਓ ਪ੍ਰੋਵਿੰਸ਼ੀਅਲ ਸਰਕਾਰ ਨੇ ਫੈਡਰਲ ਸਰਕਾਰ ਤੋਂ ਰਿਫਿਊਜੀ ਕਲੇਮੈਂਟਾਂ ਨਾਲ ਸਿੱਝਣ ਵਾਸਤੇ 200 ਮਿਲੀਅਨ ਡਾਲਰ ਮੰਗੇ ਹੋਏ ਹਨ ਜਦੋਂ ਕਿ ਫੈਡਰਲ ਸਰਕਾਰ ਨੇ ਟੋਰਾਂਟੋ ਸਿਟੀ ਨੂੰ 50 ਮਿਲੀਅਨ ਡਾਲਰ ਦੇ ਕੇ ਆਪਣੀ ਜ਼ੁੰਮੇਵਾਰੀ ਤੋਂ ਹੱਥ ਧੋ ਲਏ ਹਨ। ਮਿਊਂਸੀਪਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਦਾ ਆਖਣਾ ਹੈ ਕਿ ਰਿਫਿਊਜੀ ਕਲੇਮੈਂਟਾਂ ਨੂੰ ਲਿਆਉਣਾ ਜਾਂ ਸਵੀਕਾਰ ਕਰਨਾ ਉਹਨਾਂ ਦੇ ਹੱਥ ਵੱਸ ਨਹੀਂ ਪਰ ਖਰਚੇ ਉਹਨਾਂ ਨੂੰ ਬਰਾਬਰ ਦੇ ਕਰਨੇ ਪੈ ਰਹੇ ਹਨ। ਇਸ ਮਸਲੇ ਉੱਤੇ ਵਿਚਾਰ ਕਰਨ ਲਈ ਹੋਈ ਇੱਕ ਮੁਲਾਕਾਤ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਮਜਾਕ ਵਿੱਚ ਕਿਹਾ ਸੀ ਕਿ ਉਂਟੇਰੀਓ ਪ੍ਰੀਮੀਅਰ ਨੂੰ ਕੈਨੇਡਾ ਦੀਆਂ ਅੰਤਰਰਾਸ਼ਟਰੀ ਜ਼ੁੰਮੇਵਾਰੀਆਂ ਬਾਰੇ ਕੁੱਝ ਪਤਾ ਨਹੀਂ ਹੈ।

ਉੱਪਰ ਦਿੱਤੇ ਗਏ ਖਰਚਿਆਂ ਦੀ ਸਾਰੀ ਕਹਾਣੀ ਅਮਰੀਕਾ ਦਾ ਬਾਰਡਰ ਪਾਰ ਕਰਕੇ ਕੈਨੇਡਾ ਦਾਖ਼ਲ ਹੋਣ ਵਾਲੇ ਰਿਫਿਊਜੀ ਕਲੇਮੈਂਟਾਂ ਬਾਰੇ ਹੈ। ਪਿਛਲੇ ਸਾਲ 35,000 ਤੋਂ ਵੱਧ ਲੋਕ ਕੈਨੇਡਾ ਵਿੱਚ ਗੈਰਕਨੂੰਨੀ ਢੰਗ ਨਾਲ ਦਾਖ਼ਲ ਹੋਏ। ਇਸ ਗੱਲ ਨੂੰ ਸਰਕਾਰ ਵੀ ਮੰਨਦੀ ਹੈ ਕਿ ਕੈਨੇਡਾ ਅਮਰੀਕਾ ਦਰਮਿਆਨ ਹੋਏ ਸੇਫ਼ ਥਰਡ ਕੰਟਰੀ ਐਗਰੀਮੈਂਟ (The Canada–United States Safe Third Country Agreement) ਨੂੰ ਤੋੜ ਕੇ ਆਉਣ ਵਾਲੇ ਇਹ ਲੋਕ ਗੈਰਕਨੂੰਨੀ ਕਾਰਵਾਈ ਕਰਦੇ ਹਨ ਅਤੇ ਇਸ ਸੰਧੀ ਦੀ ਉਲੰਘਣਾ ਕਰਨ ਕਾਰਨ ਇਹਨਾਂ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ। ਹਿਰਾਸਤ ਵਿੱਚ ਲਏ ਜਾਣ ਉੱਤੇ ਇਹ ਰਿਫਿਊਜੀ ਕਲੇਮੈਂਟ ਬਣ ਜਾਂਦੇ ਹਨ। ਸਾਡੀ ਭੋਲੀ ਸਰਕਰ ਤਾਂ ਵੀ ਇਹਨਾਂ ਨੂੰ ਗੈਰਕਨੂੰਨੀ ਨਹੀਂ ਸਗੋਂ ਅਨਿਯਮਤ ਢੰਗ ਨਾਲ ਬਾਰਡਰ ਪਾਰ ਕਰਨ ਵਾਲੇ (irregular border crossers) ਆਖਦੀ ਹੈ।

ਕੀਤੇ ਗਏ ਵੱਖੋ ਵੱਖ ਸਰਵੇਖਣ ਦੱਸਦੇ ਹਨ ਕਿ ਬਹੁ-ਗਿਣਤੀ ਕੈਨੇਡਾ ਵਾਸੀ ਬਿਪਤਾ ਵਿੱਚ ਆਏ ਲੋਕਾਂ ਨੂੰ ਸ਼ਰਣ ਦੇਣ ਦੇ ਹੱਕ ਵਿੱਚ ਹਨ। ਕੈਨੇਡੀਅਨ ਲੋਕ ਲੋੜਵੰਦਾਂ ਵਾਸਤੇ ਦਰਿਆਦਿਲੀ ਨਾਲ ਆਪਣੇ ਘਰ, ਬਿਜਸਨ ਅਤੇ ਕਮਿਉਨਿਟੀ ਸੈਂਟਰ ਖੋਲਣ ਲਈ ਜਾਣੇ ਜਾਂਦੇ ਹਨ। ਪਰ ਸਰਵੇਖਣ ਇਹ ਵੀ ਦੱਸਦੇ ਹਨ ਕਿ ਬਹੁ-ਗਿਣਤੀ ਕੈਨੇਡੀਅਨ ਗੈਰਕਨੂੰਨੀ ਢੰਗ ਨਾਲ ਆਉਣ ਵਾਲਿਆਂ ਦੇ ਹੱਕ ਵਿੱਚ ਨਹੀਂ ਹਨ।

ਗੈਰਕਨੂੰਨੀ ਢੰਗ ਨਾਲ ਆਉਣ ਵਾਲੇ ਰਿਫਿਊਜੀ ਕਲੇਮੈਂਟਾਂ ਕਾਰਣ ਸਮੁੱਚਾ ਸਿਸਟਮ ਵਿਗੜ ਕੇ ਰਹਿ ਗਿਆ ਹੈ। ਕੈਨੇਡਾ ਦੇ ਇੰਮੀਗਰੇਸ਼ਨ ਅਤੇ ਰਿਫਿਊਜੀ ਬੋਰਡ ਦੀ ਸਮਰੱਥਾ ਇੱਕ ਸਾਲ ਵਿੱਚ 24 ਹਜ਼ਾਰ ਦੇ ਕਰੀਬ ਕਲੇਮਾਂ ਨੂੰ ਹੈਂਡਲ ਕਰ ਦੀ ਹੈ। ਪਿਛਲੇ ਸਾਲ 52 ਹਜ਼ਾਰ ਤੋਂ ਵੱਧ ਅਰਜ਼ੀਆਂ ਦਾਖਲ ਹੋਈਆਂ ਜਿਹਨਾਂ ਵਿੱਚੋਂ ਜ਼ਿਅਦਾਤਰ ਅਮਰੀਕਾ ਦੇ ਬਾਰਡਰ ਰਾਹੀਂ ਆਉਣ ਵਾਲੇ ਅਨਿਯਮਿਤ ਰਿਫਿਊਜੀ ਕਲੇਮੈਂਟ ਸਨ। ਬਹੁਤ ਸਾਰੇ ਖੁਦ ਅਨਿਯਮਿਤ (ਗੈਰਕਨੂੰਨੀ) ਢੰਗ ਨਾਲ ਹੋ ਕੇ ਆਪਣੇ ਹੋਰ ਚਹੇਤਿਆਂ ਨੂੰ ਕਿਸੇ ਵੀ ਪੋਰਟ ਆਫ ਐਂਟਰੀ (port of entry) ਰਾਹੀਂ ਆਉਣ ਲਈ ਸੱਦਾ ਦੇ ਦੇਂਦੇ ਹਨ ਕਿਉਂਕਿ ਕਨੂੰਨ ਅਜਿਹਾ ਕਰਨ ਦੀ ਇਜ਼ਾਜਤ ਦੇਂਦਾ ਹੈ। ਲਿਬਰਲ ਸਰਕਾਰ ਨੇ ਕਨੂੰਨ ਦੀ ਇਸ ਚੋਰ ਮੋਰੀ ਨੂੰ ਵੀ ਦੂਰ ਕਰਨ ਲਈ ਕੁੱਝ ਨਹੀਂ ਕੀਤਾ।

ਲਿਬਰਲ ਸਰਕਾਰ ਦੀ ਬੇਲੋੜੀ ਢਿੱਲ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਕੈਨੇਡੀਅਨ ਸਿਸਟਮ ਉਹਨਾਂ ਮੁਸ਼ਕਲ ਵਿੱਚ ਆਏ ਲੋਕਾਂ ਦੀ ਮਦਦ ਕਰਨ ਤੋਂ ਅਸਮਰੱਥ ਰਿਹਾ ਹੈ ਜੋ ਮਦਦ ਦੇ ਸਹੀ ਹੱਕਦਾਰ ਹਨ। ਮਿਸਾਲ ਵਜੋਂ ਇਰਾਕ/ਸੀਰੀਆ ਵਿੱਚ ਵੱਸਣ ਵਾਲੇ ਯਜ਼ੀਦੀ ਭਾਈਚਾਰੇ ਦੀਆਂ ਉਹ ਲੜਕੀਆਂ ਜਿਹਨਾਂ ਨੂੰ ਆਈਸਿਸ ਵੱਲੋਂ ਧਰਮ ਬਦਲ ਕੇ ਅਤੇ ਜਬਰ-ਜਿਨਾਹ ਕਰਕੇ ਬਰਬਾਦ ਕਰ ਦਿੱਤਾ ਗਿਆ ਹੈ। ਲੰਡਨ ਉਂਟੇਰੀਓ ਅਤੇ ਕੈਲਗਰੀ ਸਮੇਤ ਵੱਖ 2 ਥਾਵਾਂ ਉੱਤੇ 1200 ਯਜ਼ੀਦੀ ਸ਼ਰਣਾਰਥੀਆਂ ਨੂੰ ਲਿਆਂਦਾ ਗਿਆ ਹੈ। ਇਹਨਾਂ ਵਿੱਚੋਂ ਬਹੁਤੀਆਂ ਉਹ ਨੌਜਵਾਨ ਲੜਕੀਆਂ ਹਨ ਜਿਹਨਾਂ ਨੂੰ ਪਰਿਵਾਰਾਂ ਨਾਲੋਂ ਅੱਡ ਕਰਕੇ ਕਈ 2 ਵਾਰ ਵੇਚਿਆਂ ਗਿਆ ਅਤੇ ਉਹਨਾਂ ਦੀ ਇੱਜ਼ਤ ਲੁੱਟੀ ਗਈ। ਇਹਨਾਂ ਵਿੱਚੋਂ ਬਹੁ-ਗਿਣਤੀ ਗਹਿਰੇ ਮਾਨਸਿਕ ਸਦਮੇ ਵਿੱਚ ਹਨ ਪਰ ਗੈਰਕਨੂੰਨੀ ਰਿਫਿਊਜੀ ਕਲੇਮੈਂਟਾਂ ਦੀ ਖਾਰਤਦਾਰੀ ਵਿੱਚ ਉਲਝੀ ਸਰਕਾਰ ਕੋਲ ਇਹਨਾਂ ਲੋੜਵੰਦਾਂ ਦੇ ਇਲਾਜ ਅਤੇ ਵਿਛੜੇ ਪਰਿਵਾਰਕ ਮੈਂਬਰਾਂ ਨੂੰ ਬੁਲਾਉਣ ਲਈ ਸਮਾਂ ਅਤੇ ਸਾਧਨ ਨਹੀਂ ਹਨ।

## ਮੁਸਲਮਾਨ ਸਹੇਲੀ ਨੂੰ ਗੁਰਦਾ ਦੇਣਾ ਚਾਹੁੰਦੀ ਸਿੱਖ ਲੜਕੀ ਦੇ ਪਿਤਾ ਵੱਲੋਂ ਇਤਰਾਜ਼


ਜੰਮੂ, 3 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਇਕ ਸਿੱਖ ਲੜਕੀ, ਜਿਸ ਨੇ ਆਪਣੀ ਮੁਸਲਮਾਨ ਸਹੇਲੀ ਨੂੰ ਗੁਰਦਾ ਦਾਨ ਦੇਣ ਦਾ ਫੈਸਲਾ ਕੀਤਾ ਹੈ, ਦੇ ਪਿਤਾ ਨੇ ਆਪਣੀ ਸਰੀਰਕ ਸਥਿਤੀ ਦੱਸ ਦੇ ਕੇ ਬੇਟੀ ਨੂੰ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ ਤੇ ਇਸ ਬਾਰੇ ਗਵਰਨਰ ਤੋਂ ਵੀ ਦਖਲ ਦੀ ਮੰਗ ਕੀਤੀ ਹੈ।

ਸਮਾਜਿਕ ਅਤੇ ਮਨੁੱਖੀ ਅਧਿਕਾਰ ਵਰਕਰ ਸਿੱਖ ਲੜਕੀ ਮਨਜੋਤ ਸਿੰਘ ਕੋਹਲੀ (23) ਨੇ ਆਪਣਾ ਇਕ ਗੁਰਦਾ ਰਾਜੌਰੀ ਜ਼ਿਲੇ ਦੀ ਵਸਨੀਕ ਆਪਣੀ 22 ਸਾਲਾ ਮੁਸਲਮਾਨ ਸਹੇਲੀ ਸਮਰੀਨ ਅਖਤਰ ਨੂੰ ਦਾਨ ਦੇਣ ਦਾ ਫੈਸਲਾ ਕੀਤਾ ਹੈ, ਪਰ ਇਸ 'ਚ ਉਸ ਦਾ ਪਰਵਾਰ ਇਤਰਾਜ਼ ਜਤਾ ਰਿਹਾ ਹੈ ਤੇ ਸ੍ਰੀਨਗਰ ਦੇ ਹਸਪਤਾਲ ਵੱਲੋਂ ਵੀ ਇਸ ਕਾਰਵਾਈ 'ਚ ਦੇਰੀ ਕੀਤੀ ਜਾ ਰਹੀ ਹੈ। ਇਸ ਬਾਰੇ ਊਧਮਪੁਰ ਆਪਣੇ ਘਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਲੜਕੀ ਦੇ ਪਿਤਾ ਗੁਰਦੀਪ ਸਿੰਘ ਕੋਹਲੀ, ਜੋ 75 ਫੀਸਦੀ ਅੰਗਹੀਣ ਹਨ ਤੇ ਤੁਰਨ ਤੋਂ ਅਸਮਰੱਥ ਹਨ, ਨੇ ਕਿਹਾ ਕਿ ਮੈਂ ਹੱਥ ਜੋੜ ਕੇ ਆਪਣੀ ਬੇਟੀ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੇ ਫੈਸਲੇ ਨੂੰ ਰੱਦ ਕਰਕੇ ਮੈਨੂੰ ਇਸ ਤਕਲੀਫ ਤੋਂ ਮੁਕਤ ਕਰੇ ਕਿਉਂਕਿ ਉਹ ਮੇਰੀ ਸਰੀਰਕ ਸਥਿਤੀ ਤੋਂ ਚੰਗੀ ਤਰ੍ਹਾਂ ਜਾਣੂੰ ਹੈ। ਇਸ ਤੋਂ ਪਹਿਲਾਂ ਸਿੱਖ ਵਰਕਰ ਲੜਕੀ ਦੇ ਪਿਤਾ ਨੂੰ ਸ਼ੇਰ-ਏ-ਕਸ਼ਮੀਰ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਸਕਿਮਜ਼) ਸੌਰਾ (ਸ੍ਰੀਨਗਰ) ਨੇ ਨੋਟਿਸ ਭੇਜ ਕੇ ਉਨ੍ਹਾਂ ਦੀ ਲੜਕੀ ਵੱਲੋਂ ਕੀਤੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ 'ਚ ਪਰਵਾਰ ਦੀ ਸਹਿਮਤੀ ਜ਼ਰੂਰੀ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਕੈਨੇਡੀਅਨ ਐਸਟਰੋਨੌਟ ਡੇਵਿਡ ਸੇਂਟ ਜੈਕੁਅਸ ਪੁਲਾੜ ਰਵਾਨਾ

...ਪੰਨਾ 1 ਦਾ ਬਾਕੀ

11 ਅਕਤੂਬਰ ਨੂੰ ਸੋਊਜ਼ ਕੈਪਸੂਲ, ਜਿਸ ਵਿੱਚ ਦੋ ਐਸਟਰੋਨੌਟਸ ਨੂੰ ਪੁਲਾੜ ਵਿੱਚ ਭੇਜਿਆ ਜਾ ਰਿਹਾ ਸੀ, ਵਾਲੇ ਮਿਸ਼ਨ ਨੂੰ ਰੱਦ ਕਰਨਾ ਪਿਆ ਤੇ ਕੈਪਸੂਲ ਦੀ ਐਮਰਜੰਸੀ ਲੈਂਡਿੰਗ ਵੀ ਕਰਵਾਉਣੀ ਪਈ।ਪਹਿਲੀ ਨਵੰਬਰ ਨੂੰ ਹਰੀ ਝੰਡੀ ਦਿੱਤੇ ਜਾਣ ਤੋਂ ਪਹਿਲਾਂ ਰੂਸ ਨੇ ਮਨੁੱਖ ਵਾਲੇ ਸਾਰੇ ਲਾਂਚ ਸਸਪੈਂਡ ਕਰ ਦਿੱਤੇ। ਸੇਂਟ ਜੈਕੁਅਸ ਨੇ ਇਸ ਛੇ ਮਹੀਨਿਆਂ ਦੇ ਮਿਸ਼ਨ ਲਈ ਟਰੇਨਿੰਗ ਵਾਸਤੇ ਕਈ ਸਾਲ ਲਗਾਏ ਹਨ। ਪਹਿਲਾਂ ਇਸ ਮਿਸ਼ਨ ਨੂੰ 20 ਦਸੰਬਰ ਨੂੰ ਲਾਂਚ ਕੀਤਾ ਜਾਣਾ ਸੀ ਪਰ ਸੋਊਜ਼ ਲਾਂਚ ਦੇ ਅਸਫਲ ਰਹਿਣ ਤੋਂ ਬਾਅਦ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ।
ਸਪੇਸ ਸਟੇਸ਼ਨ ਪਹੁੰਚਣ ਤੋਂ ਬਾਅਦ ਉਹ ਸਾਇੰਸ ਨਾਲ ਸਬੰਧਤ ਕਈ ਤਜਰਬੇ ਕਰਨਗੇ। ਕੁੱਝ ਤਜਰਬੇ ਐਸਟਰੋਨੌਟਸ ਨੂੰ ਸਪੇਸ ਵਿੱਚ ਮਹਿਸੂਸ ਹੋਣ ਵਾਲੀ ਗ੍ਰੈਵਿਟੀ ਦੇ ਸ਼ਰੀਰ ਉੱਤੇ ਪੈਣ ਵਾਲੇ ਪ੍ਰਭਾਵ ਨਾਲ ਜੁੜੇ ਹੋਣਗੇ। ਇਸ ਤੋਂ ਇਲਾਵਾ ਦੂਰ ਦਰਾਜ ਦੇ ਇਲਾਕਿਆਂ ਵਿੱਚ ਮੈਡੀਲਕ ਕੇਅਰ ਕਿਸ ਤਰ੍ਹਾਂ ਮੁਹੱਈਆ ਕਰਵਾਈ ਜਾਵੇ ਇਸ ਬਾਰੇ ਵੀ ਤਜਰਬੇ ਕੀਤੇ ਜਾਣਗੇ।

## ਯੂਨੀਫੌਰ ਤੇ ਓਪੀਐਸਈਯੂ ਨੇ ਫੋਰਡ ਦੇ ਤਬਾਹਕੁੰਨ ਏਜੰਡੇ ਖਿਲਾਫ ਹੱਥ ਮਿਲਾਏ

...ਪੰਨਾ 1 ਦਾ ਬਾਕੀ

ਐਤਵਾਰ ਦੁਪਹਿਰ ਨੂੰ ਜਾਰੀ ਕੀਤੇ ਬਿਆਨ ਵਿੱਚ ਓਪੀਐਸਈਯੂ ਦੇ ਪ੍ਰਧਾਨ ਵਾਰਨ ਸਮੋਕੀ ਥਾਮਸ ਨੇ ਆਖਿਆ ਕਿ ਇਸ ਤਰ੍ਹਾਂ ਪਲਟੀ ਖਾਣ ਵਾਲੇ ਬਿਆਨ ਓਨਟਾਰੀਓ ਵਾਸੀਆਂ ਲਈ ਚੰਗੇ ਨਹੀਂ ਹਨ। ਉਨ੍ਹਾਂ ਆਖਿਆ ਕਿ ਯੂਨੀਅਨਾਂ ਸਰਕਾਰ ਨੂੰ ਪਬਲਿਕ ਸਰਵਿਸਿਜ਼ ਵਿੱਚ ਮੁੜ ਨਿਵੇਸ਼ ਕਰਨ ਲਈ ਲਾਬਿੰਗ ਕਰਕੇ ਮਨਾਉਣਗੀਆਂ। ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਫੋਰਡ ਨੂੰ ਇੰਪਲਾਇਰਜ਼ ਨੂੰ ਹੱਲਾਸ਼ੇਰੀ ਦੇ ਕੇ ਚੰਗੀਆਂ ਤੇ ਸਥਾਈ ਨੌਕਰੀਆਂ ਸਿਰਜਣ ਲਈ ਵੀ ਆਖਣਾ ਚਾਹੀਦਾ ਹੈ।
ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਟਿੱਪਣੀ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਰਿਟਾਇਰਡ ਜਸਟਿਸ ਜੋਸੇਫ ਦਾ ਦਾਅਵਾ: ਬਾਹਰੀ ਪ੍ਰਭਾਵ ਹੇਠ ਸੀ ਸਾਬਕਾ ਚੀਫ ਜੱਜ

ਨਵੀਂ ਦਿੱਲੀ, 3 ਦਸੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਜੱਜ ਵਜੋਂ ਰਿਟਾਇਰ ਹੋਣ ਤੋਂ ਕੁਝ ਦਿਨਾਂ ਬਾਅਦ ਅੱਜ ਸੋਮਵਾਰ ਨੂੰ ਜਸਟਿਸ ਕੁਰੀਅਨ ਜੋਸੇਫ ਨੇ ਸਨਸਨੀਖੇਜ਼ ਦਾਅਵਾ ਕਰਦੇ ਹੋਏ ਕਹਿ ਦਿੱਤਾ ਹੈ ਕਿ ਭਾਰਤ ਦੇ ਸਾਬਕਾ ਚੀਫ ਜਸਟਿਸ (ਸੀ ਜੇ ਆਈ) ਦੀਪਕ ਮਿਸ਼ਰਾ ਕਿਸੇ ਬਾਹਰੀ ਧਿਰ ਦੇ ਪ੍ਰਭਾਵ ਹੇਠ ਕੰਮ ਕਰਦੇ ਸਨ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇਸ ਨਾਲ ਭਾਰਤ ਦਾ ਨਿਆਂ ਦਾ ਪ੍ਰਸ਼ਾਸਨ ਪ੍ਰਭਾਵਿਤ ਹੋਇਆ ਸੀ।

ਵਰਨਣ ਯੋਗ ਹੈ ਕਿ ਜਸਟਿਸ ਕੁਰੀਅਨ ਜੋਸੇਫ ਸੁਪਰੀਮ ਕੋਰਟ ਦੇ ਉਨ੍ਹਾਂ 4 ਜੱਜਾਂ ਵਿਚ ਸ਼ਾਮਲ ਸਨ, ਜਿਨ੍ਹਾਂ ਨੇ ਇਸ ਸਾਲ ਜਨਵਰੀ ਵਿਚ ਇਸ ਬਾਰੇ ਇਕ ਖਾਸ ਪ੍ਰੈੱਸ ਕਾਨਫਰੰਸ ਕੀਤੀ ਸੀ। ਸੁਪਰੀਮ ਕੋਰਟ ਦੇ ਤਿੰਨ ਜੱਜਾਂ; ਜਸਟਿਸ ਜੇ. ਚੇਲਾਮੇਸ਼ਵਰ, ਜਿਹੜੇ ਰਿਟਾਇਰ ਹੋ ਚੁੱਕੇ ਹਨ, ਜਸਟਿਸ ਰੰਜਨ ਗੋਗੋਈ (ਅੱਜ ਦੇ ਚੀਫ ਜਸਟਿਸ) ਅਤੇ ਜਸਟਿਸ ਮਦਨ ਬੀ. ਲੋਕੁਰ ਦੇ ਨਾਲ 12 ਜਨਵਰੀ ਨੂੰ ਜਸਟਿਸ ਜੋਸੇਫ ਨੇ ਇਕ ਪ੍ਰੈੱਸ ਕਾਨਫਰੰਸ ਕਰ ਕੇ ਜਸਟਿਸ ਦੀਪਕ ਮਿਸ਼ਰਾ ਦਾ ਵਿਰੋਧ ਕੀਤਾ ਸੀ। ਇਨ੍ਹਾਂ ਚਾਰ ਜੱਜਾਂ ਨੇ ਉਸ ਪ੍ਰੈੱਸ ਕਾਨਫਰੰਸ ਵਿਚ ਨਾਜ਼ੁਕ ਮੁੱਦਿਆਂ ਦੀ ਅਗੇਤੀ ਅਲਾਟਮੈਂਟ ਬਾਰੇ ਚਿੰਤਾ ਪ੍ਰਗਟ ਕੀਤੀ ਸੀ। ਇਸ ਬਾਰੇ ਪੁੱਛੇ ਜਾਣ ਉਤੇ ਕਿ ਜਸਟਿਸ ਦੀਪਕ ਮਿਸ਼ਰਾ ਦੇ ਕਿਸੇ ਬਾਹਰੀ ਪ੍ਰਭਾਵ ਹੇਠ ਹੋਣ ਦਾ ਦਾਅਵਾ ਉਹ ਕਿਸ ਆਧਾਰ ਉੱਤੇ ਕਰਦੇ ਹਨ, ਜਸਟਿਸ ਜੋਸੇਫ ਨੇ ਕਿਹਾ ਕਿ ਇਹ ਉਨ੍ਹਾਂ ਜੱਜਾਂ ਦੀ ਧਾਰਨਾ ਸੀ, ਜਿਹੜੇ ਸੁਪਰੀਮ ਕੋਰਟ ਦੇ ਸਾਹਮਣੇ ਪੈਦਾ ਮੁੱਦਿਆਂ ਬਾਰੇ ਜਨਤਾ ਸਾਹਮਣੇ ਆਏ ਸਨ। ਉਨ੍ਹਾਂ ਨੇ ਇਸ ਗੱਲ ਦੇ ਵੇਰਵੇ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਉਹ 'ਬਾਹਰੀ' ਕੌਣ ਸੀ ਅਤੇ ਉਹ ਕੇਸ ਕਿਹੜੇ ਸਨ, ਜਿਥੇ ਪੱਖਪਾਤ ਹੋਇਆ ਤੇ ਜੱਜਾਂ ਦਾ ਪ੍ਰਸ਼ਾਸਨ ਪ੍ਰਭਾਵਿਤ ਹੋਇਆ ਸੀ, ਪਰ ਆਪਣੀ ਗੱਲ ਉੱਤੇ ਕਾਇਮ ਰਹੇ।
ਇਸ ਦੌਰਾਨ ਕਾਂਗਰਸ ਪਾਰਟੀ ਨੇ ਕਿਹਾ ਹੈ ਕਿ ਸਾਬਕਾ ਜੱਜ ਜਸਟਿਸ ਕੁਰੀਅਨ ਜੋਸੇਫ ਨੇ ਸੁਪਰੀਮ ਕੋਰਟ ਦੇ ਕੰਮ-ਕਾਜ ਬਾਰੇ ਜੋ ਖੁਲਾਸਾ ਕੀਤਾ ਹੈ, ਉਹ ਲੋਕਤੰਤਰ ਲਈ ਅਤਿਅੰਤ ਗੰਭੀਰ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਦੀ ਸਫਾਈ ਦੇਣੀ ਚਾਹੀਦੀ ਹੈ। ਕਾਂਗਰਸ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਜਸਟਿਸ ਜੋਸਫ ਦੇ ਇਸ ਖੁਲਾਸੇ ਤੋਂ ਸਾਫ ਹੁੰਦ ਹੈ ਕਿ ਮੋਦੀ ਸਰਕਾਰ ਸਰਬ ਉਚ ਅਦਾਲਤ ਨੂੰ ਰਿਮੋਟ ਰਾਹੀਂ ਕੰਟਰੋਲ ਕਰਨ ਦਾ ਯਤਨ ਕਰ ਰਹੀ ਹੈ। ਸਰਕਾਰ ਸੀ ਬੀ ਆਈ, ਇਨਫੋਰਸਮੈਂਟ ਡਾਇਰੈਕਟੋਰੇਟ, ਕੇਂਦਰੀ ਵਿਜੀਲੈਂਸ ਕਮਿਸ਼ਨ ਆਦਿ ਸੰਸਥਾਵਾਂ ਨੂੰ ਆਪਣੇ ਹਿਸਾਬ ਨਾਲ ਕੰਮ ਕਰਨ ਲਈ ਪਹਿਲਾਂ ਹੀ ਮਜਬੂਰ ਕਰ ਚੁੱਕੀ ਹੈ।

## Why PM Trudeau Afraid of Jagmeet Singh ?

By: Surjit Singh Flora



Wow! This story is all about the Gamer, gamblers and the players. This is just a different perspective that none of the other media has figured out or wrote single word about it.

The PMO said that they were not aware of any police investigation related to Grewal's gambling, but that they were aware the RCMP made inquiries "regarding the circumstances that were the subject of a complaint to the Ethics Commissioner about Mr. Grewal earlier this year.

PMO spokesperson said in an email that Mr. Grewal told us that he is undergoing serious personal challenges, and that he is receiving treatment from a health professional related to a gambling problem that led him to incur significant personal debts," 18 months ago.

if the PMO knew then why it taken that long for Grewal to resign his Brampton-area seat — and until this September for him to be shifted off the Commons finance committee.

Yes, PM play the shifting games inside the cabinet. But never kick Grewal out .

Reason behind this , they did nothing intentionally because they knew it would lead to his resignation. this would have opened the seat for Jagmeet Singh months ago in his own area.

Trudeau Liberals are afraid of the Jagmeet impact to their re-election.

So, they hid this reality until they no longer could, but the outcome is Jagmeet is running and may not even win in BC.

Seems likes the Liberal strategies are playing checkers with information . Anything to protect they're re - election chances. Delay information to ensure this particular seat does not become available for Jagmeet.

Because of that NDP accusing Prime Minister Justin Trudeau for calling a by election in an Ontario riding as tensions mount over when a by election will be called for a B.C. riding where NDP Leader Jagmeet Singh has been named a candidate.

Trudeau called a by election on Oct 28 Sunday for three riding of Leeds–Grenville–Thousand Islands and Rideau Lakes. While there are currently four vacant seats in Parliament, including Burnaby South, where Jagmeet Singh has waiting for by election call.

And that time NDP Leader Jagmeet Singh is accused Prime Minister Justin Trudeau of playing games with his decision to call one by election while leaving three other riding vacant -- including the one he's running for.

Also, NDP leader said "All these people deserve to have their voices heard and this government is saying their voices don't matter," said Singh. "It certainly was an example of Justin Trudeau playing some petty political games because in the past any time there's by elections , government has called them all together sometime."

Seems Trudeau doesn't want to give the NDP time to switch leaders, like they did in Ontario with the Brown-Ford switch. By delaying the byelection as long as possible, it will guarantee Jagmeet leading the NDP in the 2019 election.

Politically it's far too soon to declare Singh a failure. He may have disappointed so far, but an election could offer him a chance to make that up. Don't believe any Liberal strategists who do not understand this reality.

Is that what happened?

I'm not getting into the "mental health" issue of gambling....just the suspect timing of information and the eventual seat vacancy which itself is still unknown... but too late for Jagmeet Singh .


The management of information to block Jagmeet entry to Parliament in his home riding is that what happened?

How would Trudeau re-election chances be with Jagmeet in Ottawa sooner and representing his home riding in vote rich GTA! Is this why the Raj Grewal matter is only coming now?

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



KARTAR FURNITURE
132"
88"
8 Seated Sofa
Email: kartarfurnitue@live.com
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
■ ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Call Rajinder Singh 416.741.9657
69 Westmore Dr. #20
Etobicoke ON, M9V 3Y6



# ਫੂਲਕੀਆ ਰਿਆਸਤਾਂ ਅਤੇ ਫੂਲ ਵੰਸ਼

-ਹਰਭਜਨ ਸਿੰਘ ਸੇਲਬਰਾਹ-

ਸਿੱਖਾਂ ਦੀਆਂ ਬਾਰਾਂ ਰਿਆਸਤਾਂ ਵਿੱਚੋਂ ਫੂਲਕੀਆ ਰਿਆਸਤ ਇਕ ਸੀ, ਜਿਸ ਦਾ ਮੁਖੀ ਬਾਬਾ ਫੂਲ ਸੀ। ਇਸ ਵਿੱਚ ਤਿੰਨ ਰਿਆਸਤਾਂ; ਪਟਿਆਲਾ, ਨਾਭਾ ਤੇ ਜੀਂਦ (ਸੰਗਰੂਰ) ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿਰੋਧੀ ਧਿਰ ਦੇ ਨੇਤਾ ਐਚ ਐਸ ਫੂਲਕਾ ਦੋਵੇਂ ਜਣੇ ਇਸੇ ਖਾਨਦਾਨ ਵਿੱਚੋਂ ਹਨ।

ਫੂਲਕੇ ਸਿੱਧੂਆਂ ਵਿੱਚੋਂ ਹਨ ਤੇ ਸਿੱਧੂ ਅੱਗੋਂ ਭੱਟੀ ਰਾਜਪੂਤਾਂ ਵਿੱਚੋਂ ਹਨ। ਪੁਰਾਣੇ ਸਮੇਂ ਵਿੱਚ ਭੱਟੀਆਂ ਦਾ ਰਾਜ ਮਥੁਰਾ ਤੋਂ ਗਜ਼ਨੀ ਤੱਕ ਹੁੰਦਾ ਸੀ। ਇਸੇ ਵੰਸ਼ ਦਾ ਪ੍ਰਸਿੱਧ ਰਾਜਾ ਸਾਲਵਾਨ ਹੋਇਆ ਹੈ ਤੇ ਸਾਲਵਾਨ ਦਾ ਪੋਤਰਾ ਭੱਟੀ ਰਾਓ ਤੇ ਉਸ ਦੀ ਪੰਜਵੀਂ ਪੁਸ਼ਤ ਵਿੱਚ ਜੈਸਲ ਹੋਇਆ, ਜਿਸ ਨੇ ਜੈਸਲਮੇਰ (ਰਾਜਸਥਾਨ) ਵਸਾਇਆ ਸੀ, ਪਰ ਉਸ ਨੂੰ 1180 ਵਿੱਚ ਬਗਾਵਤ ਹੋਣ ਕਰਕੇ ਜੈਸਲਮੇਰ ਛੱਡਣਾ ਪਿਆ ਤੇ ਹਿਸਾਰ ਦੇ ਨੇੜੇ ਆ ਕੇ ਰਹਿਣ ਲੱਗ ਪਿਆ। ਉਸ ਦੇ ਚਾਰ ਪੁੱਤਰ ਸਾਲਵਾਨ ਦੂਜਾ, ਹਿੰਮ ਹੇਲ, ਪੇਮ ਅਤੇ ਕਾਲਨ ਹੋਏ। ਸਾਲਵਾਨ ਦੂਜੇ ਨੇ ਰਾਜ ਗੱਦੀ ਦਾ ਹੱਕ ਪ੍ਰਾਪਤ ਕੀਤਾ ਅਤੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ। ਹਿੰਮ ਹੇਲ ਨੇ ਹਿਸਾਰ ਦਾ ਨਗਰ ਵਸਾਇਆ। ਸਾਲ 1217 ਵਿੱਚ ਉਸ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਜੁੰਧਰ ਰਾਜ-ਗੱਦੀ ਉੱਤੇ ਬੈਠਾ। ਉਸ ਦੇ ਅੱਗੋਂ 21 ਬੇਟੇ ਸਨ। ਸਭ ਤੋਂ ਪ੍ਰਸਿੱਧ ਰਾਓ ਹੋਇਆ। ਉਸ ਦੇ ਬੇਟੇ ਮੰਗਲ ਰਾਓ ਨੇ ਰਾਜ-ਭਾਗ ਪ੍ਰਾਪਤ ਕੀਤਾ ਤੇ ਉਸ ਦਾ ਪੁੱਤਰ ਅਨੰਦ ਰਾਓ 1280 ਦੇ ਲਗਭਗ ਰਾਜ-ਗੱਦੀ 'ਤੇ ਬੈਠਾ, ਪਰ ਬਠਿੰਡੇ ਦੇ ਕਿਲ੍ਹੇ ਵਿੱਚ ਮਾਰਿਆ ਗਿਆ ਅਤੇ ਬਠਿੰਡ ਉੱਤੇ ਦਿੱਲੀ ਦੀਆਂ ਫੌਜਾਂ ਦਾ ਕਬਜ਼ਾ ਹੋ ਗਿਆ। ਅਨੰਦ ਰਾਓ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਖੀਵਾ ਰਾਓ ਗੱਦੀ ਦਾ ਵਾਰਸ ਬਣਿਆ। ਉਸ ਦੀ ਪਹਿਲੀ ਰਾਣੀ ਦੇ ਕੋਈ ਔਲਾਦ ਨਾ ਹੋਣ ਕਰਕੇ ਉਸ ਨੇ ਰਾਜਪੂਤ ਸ਼ਾਨ ਦੇ ਖਿਲਾਫ ਹਾਂਸੀ ਹਿਸਾਰ ਦੇ ਸਰਾਂ ਗੋਤੀ ਚੌਧਰੀ ਬਸੀੜੇ ਦੀ ਧੀ ਬੀਰੋ ਨਾਲ ਸ਼ਾਦੀ ਕਰ ਲਈ। ਭਾਈਚਾਰੇ ਨੇ ਉਸ ਨੂੰ ਤਿਆਗ ਦਿੱਤਾ ਤੇ 'ਖੀਵਾ ਖੋਟਾ' ਕਹਿਣ ਲੱਗੇ। ਇਵੇਂ ਇਹ ਘਰਾਣਾ ਜੱਟ ਪਰਵਾਰ ਵਿੱਚ ਬਦਲ ਗਿਆ।

ਖੀਵੇ ਰਾਓ ਦੇ ਘਰ ਜੱਟ ਰਾਣੀ ਦੀ ਕੁੱਖੋਂ ਬਾਲਕ 'ਸਿੱਧੂ' ਨੇ ਜਨਮ ਲਿਆ। ਇਸ ਤਰ੍ਹਾਂ ਖੀਵਾ ਰਾਓ ਦੀ ਵੰਸ਼ ਜੱਟ ਬਰਾਦਰੀ ਵਿੱਚ ਰਲ ਗਈ। ਸਿੱਧੂ ਦੇ ਜਨਮ ਸਮੇਂ ਰਾਣੀਆਂ ਨੇ ਦਾਈ ਨੂੰ ਗੰਢ ਕੇ ਨਵ-ਜੰਮੇ ਬੱਚੇ ਨੂੰ ਸੁੱਕੇ ਨਾਲੇ ਵਿੱਚ ਸੁਟਵਾ ਦਿੱਤਾ, ਜਿਥੋਂ ਉਸ ਨੂੰ ਬੇਔਲਾਦ ਵਿਅਕਤੀ ਬਿੰਘੜ ਮੋਚੀ ਨੇ ਚੁੱਕ ਲਿਆ ਤੇ ਬਾਲਕ ਦਾ ਪਾਲਣ ਪੋਸ਼ਣ ਕਰਨ ਲੱਗਾ। ਕਿਸੇ ਤਰ੍ਹਾਂ ਖੀਵਾ ਰਾਓ ਨੂੰ ਪਤਾ ਲੱਗਾ ਤਾਂ ਬਾਲਕ ਨੂੰ ਘਰ ਮੰਗਵਾ ਲਿਆ ਤੇ ਉਸ ਦਾ ਸ਼ੁੱਧੀਕਰਨ ਕੀਤੇ ਜਾਣ ਕਰਕੇ ਉਸ ਦਾ ਨਾਂ ਸਿੱਧੂ ਰੱਖਿਆ। 1313 ਵਿੱਚ ਆਪਣੇ ਪਿਤਾ ਦੀ ਮੌਤ ਪਿੱਛੋਂ ਉਹ ਬਠਿੰਡਾ ਦੀ ਗੱਦੀ ਉੱਤੇ ਬੈਠਾ, ਪਰ ਪਿਛਲੀ ਉਮਰੇ ਸੰਨਿਆਸ ਧਾਰਨ ਕਰ ਲਿਆ ਤੇ ਰਾਜ-ਭਾਗ ਆਪਣੇ ਵੱਡੇ ਪੁੱਤਰ ਭੋਰ ਰਾਓ ਨੂੰ ਦੇ ਦਿੱਤਾ ਤੇ ਆਪ ਸਰਾਇ ਨਾਗਾ ਜਾ ਵੱਸਿਆ। 1351 ਵਿੱਚ ਉਸ ਦਾ ਦੇਹਾਂਤ ਹੋ ਗਿਆ। ਕਈ ਪੀੜ੍ਹੀਆਂ ਤੱਕ ਸਿੱਧੂ ਦੀ ਔਲਾਦ ਇਥੇ ਹੀ ਟਿਕੀ ਰਹੀ, ਪਰ ਬੜੀ ਭੈੜੀ ਹਾਲਤ ਸੀ, ਕਿਉਂਕਿ ਇਹ ਮੁਲਤਾਨ ਤੋਂ ਦਿੱਲੀ ਜਾਣ ਦਾ ਰਾਹ ਸੀ।

ਸਾਲ 1448 ਵਿੱਚ ਤੈਮੂਰ ਲੰਗ ਵੀ ਇਸੇ ਰਾਹ ਆਇਆ ਤੇ ਉਸ ਨੇ ਭੱਟੀਆਂ ਨੂੰ ਘੇਰ ਕੇ ਦੇਸ਼ ਉਜਾੜ ਦਿੱਤਾ। ਇਸੇ ਸਮੇਂ ਸਿੱਧੂ ਦੀ ਔਲਾਦ ਵਿੱਚੋਂ 'ਬਰਾੜ' ਉਠ ਖੜਾ ਹੋਇਆ ਅਤੇ ਭੱਟੀਆਂ ਨਾਲ ਟਾਕਰਾ ਕਰਕੇ ਉਨ੍ਹਾਂ ਨੂੰ ਹਰਾ ਦਿੱਤਾ ਅਤੇ ਕੱਖਾਂ ਵਾਲੀ ਵਸਾ ਕੇ ਆਲੇ ਦੁਆਲੇ ਕਬਜ਼ਾ ਕਰ ਲਿਆ। ਬਰਾੜ ਦੇ ਦੋ ਪੁੱਤਰ ਸਨ ਦੁੱਲ ਅਤੇ ਪੌੜ। ਵੱਡੇ ਭਰਾ ਦੁੱਲ ਨੇ ਪੌੜ ਨੂੰ ਕੱਢ ਦਿੱਤਾ। ਇਨ੍ਹਾਂ ਵਿੱਚੋਂ 'ਮਹਿਰਾਜ' ਭੋਡੀਪੁਰਾ ਜਲਾਲ ਵਿੱਚ ਵਸਦੇ ਸਨ। ਮਰਾਝ ਤੇ ਘਰਾਝ ਦੋਵੇਂ ਭਾਈ ਬੀਦੋਵਾਲ ਵਿੱਚ ਭੱਟੀਆਂ ਨਾਲ ਹੋਈ ਲੜਾਈ ਵਿੱਚ ਮਾਰੇ ਗਏ ਸਨ। ਉਸ ਦੇ ਪੋਤਰੇ ਪੱਖੋ ਤੱਕ ਇਥੇ ਹੀ ਰਹੇ। ਪੱਖੋ ਦੇ ਦੋ ਪੁੱਤਰ ਮੋਹਨ ਤੇ ਹੁੰਬਲ ਸਨ। ਇਹ ਦੋਵੇਂ ਭੋਡੀਪੁਰਾ ਤੋਂ ਉਠ ਕ ਬੀਦੋਵਾਲ ਜਾ ਵਸੇ, ਪਰ ਉਥੇ ਭੱਟੀਆਂ ਨਾਲ ਉਨ੍ਹਾਂ ਦੀ ਅਣਬਣ ਰਹੀ। ਮੋਹਨ ਕੇ ਅਤੇ ਭੱਟੀਆਂ ਦੀ ਅਕਸਰ ਲੜਾਈ ਹੁੰਦੀ ਰਹੀ ਸੀ। ਇਕ ਲੜਾਈ ਵਿੱਚ ਮੋਹਨ ਤੇ ਉਸ ਦਾ ਵੱਡਾ ਪੁੱਤਰ ਰੂਪ ਚੰਦ ਮਾਰੇ ਗਏ ਤੇ ਬਾਕੀਆਂ ਨੂੰ ਲਾਚਾਰ ਹੋ ਕੇ ਬੀਦੋਵਾਲ ਛੱਡਣਾ ਪਿਆ। ਓਥੋਂ ਨਿਕਲਣ ਸਮੇਂ ਰੂਪ ਚੰਦ ਦੇ ਦੋਵੇਂ ਪੁੱਤਰ ਸੰਦਲੀ ਅਤੇ ਫੂਲ, ਕਰਮਚੰਦ ਦਾ ਪੁੱਤਰ ਸਾਊਲ, ਸੇਮਾ, ਸਰਦੂਲ ਕਰਮਚੰਦ ਤੇ ਕਾਲਾ ਅਤੇ ਉਨ੍ਹਾਂ ਦੀਆਂ ਬਹੂ-ਬੇਟੀਆਂ ਤੇ ਬੱਚੇ ਸ਼ਾਮਲ ਸਨ। ਉਹ ਜੰਗਲ ਦੇ ਇਲਾਕੇ ਵਿੱਚ ਇਕ ਖੂਹ ਉੱਤੇ ਆ ਕੇ ਬੈਠ ਗਏ, ਜਿਥੇ ਸਿੱਧ ਕਲੰਦਰ ਦੀ ਮਾੜੀ ਸੀ। ਸਿੱਧ ਕਲੰਦਰ ਭੁੱਲਰ ਗੋਤ ਦਾ ਵੱਡਾ ਵਡੇਰਾ ਹੋਇਆ ਹੈ। ਇਸ ਖੂਹ ਦੇ ਨੇੜੇ ਲਾਲੇ ਭੁੱਲਰ ਦਾ ਪਿੰਡ ਸੀ, ਜਿਸ ਨੂੰ ਅੱਜ ਕੱਲ੍ਹ ਕੋਟੜਾ ਕੌੜਾ ਕਹਿੰਦੇ ਹਨ।

ਉਨ੍ਹੀਂ ਦਿਨੀਂ ਸੱਤਵੇਂ ਗੁਰੂ ਹਰਰਾਇ ਜੀ ਇੱਧਰ ਆਏ ਹੋਏ ਸਨ। ਕਾਲਾ ਉਨ੍ਹਾਂ ਪਾਸ ਜਾਂਦਾ ਅਤੇ ਵਸਾਉਣ ਦੀ ਬੇਨਤੀ ਕਰਦਾ। ਗੁਰੂ ਜੀ ਨੇ ਲਾਲੇ ਕੌੜੇ ਨੂੰ ਸਮਝਾਇਆ, ਪਰ ਗੱਲ ਨਾ ਬਣੀ। ਕਾਲਾ ਬੜਾ ਉਦਾਸ ਰਹਿੰਦਾ ਸੀ, ਪਰ ਗੁਰੂਸਰ ਦੀ ਜੰਗ ਸਮੇਂ ਮੋਹਨਕਿਆਂ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਬੜੀ ਮਦਦ ਕੀਤੀ। ਜਦੋਂ ਜੰਗ ਤੋਂ ਬਾਅਦ ਸੱਤਵੇਂ ਗੁਰੂ ਹਰਿਰਾਏ ਜੀ ਆਏ ਤਾਂ ਜੈਦ ਪੁਰਾਣੇ ਦੀ ਕਾਲੇ ਨਾਲ ਲੜਾਈ ਹੋਈ, ਜਿਸ ਵਿੱਚ ਜੈਦ ਪੁਰਾਣਾ ਮਾਰਿਆ ਗਿਆ ਤੇ ਕਾਲੇ ਦੀ ਜਿੱਤ ਨਾਲ ਮਹਿਰਾਜ ਪਿੰਡ ਦੀ ਮੋਹੜੀ ਗੱਡੀ ਗਈ। ਇਥੋਂ 22 ਪਿੰਡ ਅਬਾਦ ਹੋਏ, ਜਿਨ੍ਹਾਂ ਨੂੰ ਹੁਣ ਬਾਹੀਆ ਕਿਹਾ ਜਾਂਦਾ ਹੈ। ਬਾਬਾ ਫੂਲ ਉਸ ਸਮੇਂ ਛੋਟਾ ਸੀ।

ਬਲਵੰਤ ਸਿੰਘ ਹਿਸਟੋਰੀਅਨ ਦੇ ਮੁਤਾਬਕ ਬਾਬਾ ਫੂਲ ਦਾ ਜਨਮ 1690 ਨੂੰ ਰੂਪ ਚੰਦ ਦੇ ਘਰ ਹੋਇਆ ਸੀ। ਬਾਬਾ ਫੂਲ ਨੇ ਸੰਤ ਸੁਮੇਰਪੁਰੀ ਤੋਂ ਸਿੱਖਿਆ ਪਰਾਪਤ ਕੀਤੀ। ਸੁਮੇਰਪੁਰੀ ਘੁੰਮਣਾਂ ਦੇ ਥੇਹ ਉੱਤੇ ਬੈਠੇ ਸਨ। ਇਹ ਥੇਹ ਰਾਇ ਬਖਤਿਆਰ ਕਾਂਗੜ ਵਾਲੇ ਦੀ ਮੇਰ ਸੀ, ਜੋ ਉਸ ਸਮੇਂ ਤਪੇ ਦਾ ਚੌਧਰੀ ਸੀ। ਤਪਾ, ਲਾਹੌਰ ਦੇ ਸੂਬੇ ਨਾਲ ਲੱਗਦਾ ਸੀ। ਇਸ ਤਰ੍ਹਾਂ ਰਾਇ ਬਖਤਿਆਰ ਨੂੰ ਕਈ ਵਾਰ ਲਾਹੌਰ ਜਾਣਾ ਪੈਂਦਾ ਸੀ। ਰਸਤੇ ਵਿੱਚ ਬਹਿਬਲ ਨਾਮੀ ਗਿੱਲ ਗੋਤੀ ਖਾੜਕੂ ਵਸਦਾ ਸੀ। ਰਾਇ ਬਖਤਿਆਰ ਦੀ ਉਸ ਨਾਲ ਦੋਸਤੀ ਹੋ ਗਈ। ਬਹਿਬਲ ਉਥੋਂ ਮਹਿਰਾਜ ਆ ਗਿਆ। ਇਥੇ ਉਸ ਦਾ ਫੂਲ ਨਾਲ ਪਿਆਰ ਪੈ ਗਿਆ। ਦੋਵੇਂ ਮਿੱਤਰ ਸੰਤ ਸੁਮੇਰਪੁਰੀ ਕੋਲ ਜਾਣ ਲੱਗ ਪਏ। ਸੰਤਾਂ ਨੇ ਘੁੰਮਣਾਂ ਵਾਲਾ ਥੇਹ ਆਬਾਦ ਕਰਨ ਦੀ ਸਲਾਹ ਦਿੱਤੀ। ਬਾਬਾ ਫੂਲ ਤੇ ਬਹਿਬਲ ਇਸ ਥੇਹ ਦਾ ਪਟਾ ਬਾਬਾ ਫੂਲ ਦੇ ਨਾਂ ਕਰਵਾ ਲਿਆ। ਇਸ ਤਰ੍ਹਾਂ ਬਾਬਾ ਫੂਲ ਨੇ ਫੂਲ ਪਿੰਡ ਦੀ ਮੋਹੜੀ ਗੱਡ ਦਿੱਤੀ।

> ਬਾਬਾ ਫੂਲ ਦੇ ਦੋ ਵਿਆਹ ਹੋਏ। ਪਹਿਲਾ ਢਿੱਲਵਾਂ ਦੇ ਜੱਸੇ ਢਿੱਲੋਂ ਦੀ ਲੜਕੀ ਮਾਈ ਬਾਲੀ ਨਾਲ ਤੇ ਦੂਜਾ ਦਾਦੂ ਸਿਧਾਣੇ ਦੀ ਲੜਕੀ ਮਾਈ ਰੱਜੀ ਨਾਲ ਹੋਇਆ। ਮਾਈ ਬਾਲੀ ਦੇ ਤਲੋਕਾ, ਰਾਮਾ, ਰੁਘੂ ਤਿੰਨ ਪੁੱਤਰ ਅਤੇ ਇਕ ਧੀ ਬੀਬੀ ਫੱਤੋ ਸਨ। ਮਾਈ ਰੱਜੀ ਦੇ ਤਖਤਾ, ਚੰਨੂ, ਝੰਡੂ ਤੇ ਗੁਰਦਾਸ ਚਾਰ ਪੁੱਤਰ ਸਨ। ਫੂਲ ਦੀ ਮੋੜੀ ਗੱਡਣ ਮਗਰੋਂ ਬਾਬਾ ਫੂਲ ਨੇ 1712 ਵਿੱਚ ਫੂਲ ਵਿੱਚ ਇੱਕ ਕੱਚਾ ਕਿਲ੍ਹਾ ਉਸਾਰ ਲਿਆ ਅਤੇ ਉਸ ਨੇ ਨੇੜਲੇ ਪਿੰਡ ਰੋਕਣੇ ਸ਼ੁਰੂ ਕਰ ਦਿੱਤੇ ਤੇ ਆਪਣੇ ਜੱਦੀ ਇਲਾਕੇ ਬੀਦੋਵਾਲ 'ਤੇ ਮੁੜ ਕਬਜ਼ਾ ਕਰ ਲਿਆ। ਦਿੱਲੀ ਦਰਬਾਰ ਤੋਂ ਔਰੰਗਜ਼ੇਬ ਵੱਲੋਂ ਇਕ ਖਿੱਲਤ ਤੇ ਚੌਧਰ ਦੀ ਸਨਦ ਪ੍ਰਾਪਤ ਕੀਤੀ। ਇਸ ਤਰ੍ਹਾਂ ਫੂਲ ਇਸ ਇਲਾਕੇ ਦਾ ਪੱਕੇ ਤੌਰ ਉੱਤੇ ਚੌਧਰੀ ਬਣ ਗਿਆ।

ਬਾਬਾ ਫੂਲ ਦੇ ਦੋ ਵਿਆਹ ਹੋਏ। ਪਹਿਲਾ ਢਿੱਲਵਾਂ ਦੇ ਜੱਸੇ ਢਿੱਲੋਂ ਦੀ ਲੜਕੀ ਮਾਈ ਬਾਲੀ ਨਾਲ ਤੇ ਦੂਜਾ ਦਾਦੂ ਸਿਧਾਣੇ ਦੀ ਲੜਕੀ ਮਾਈ ਰੱਜੀ ਨਾਲ ਹੋਇਆ। ਮਾਈ ਬਾਲੀ ਦੇ ਤਲੋਕਾ, ਰਾਮਾ, ਰੁਘੂ ਤਿੰਨ ਪੁੱਤਰ ਅਤੇ ਇਕ ਧੀ ਬੀਬੀ ਫੱਤੋ ਸਨ। ਮਾਈ ਰੱਜੀ ਦੇ ਤਖਤਾ, ਚੰਨੂ, ਝੰਡੂ ਤੇ ਗੁਰਦਾਸ ਚਾਰ ਪੁੱਤਰ ਸਨ। ਫੂਲ ਦੀ ਮੋੜੀ ਗੱਡਣ ਮਗਰੋਂ ਬਾਬਾ ਫੂਲ ਨੇ 1712 ਵਿੱਚ ਫੂਲ ਵਿੱਚ ਇੱਕ ਕੱਚਾ ਕਿਲ੍ਹਾ ਉਸਾਰ ਲਿਆ ਅਤੇ ਉਸ ਨੇ ਨੇੜਲੇ ਪਿੰਡ ਰੋਕਣੇ ਸ਼ੁਰੂ ਕਰ ਦਿੱਤੇ ਤੇ ਆਪਣੇ ਜੱਦੀ ਇਲਾਕੇ ਬੀਦੋਵਾਲ 'ਤੇ ਮੁੜ ਕਬਜ਼ਾ ਕਰ ਲਿਆ। ਦਿੱਲੀ ਦਰਬਾਰ ਤੋਂ ਔਰੰਗਜ਼ੇਬ ਵੱਲੋਂ ਇਕ ਖਿੱਲਤ ਤੇ ਚੌਧਰ ਦੀ ਸਨਦ ਪ੍ਰਾਪਤ ਕੀਤੀ। ਇਸ ਤਰ੍ਹਾਂ ਫੂਲ ਇਸ ਇਲਾਕੇ ਦਾ ਪੱਕੇ ਤੌਰ ਉੱਤੇ ਚੌਧਰੀ ਬਣ ਗਿਆ।

ਇਕ ਵਾਰ ਫੂਲ ਦਾ ਮਾਮਲਾ ਟੁੱਟ ਗਿਆ। ਸਰਹੰਦ ਦੇ ਸੂਬੇ ਨੇ ਉਸ ਨੂੰ ਸਰਹੰਦ ਬੁਲ-ਾਇਆ, ਪਰ ਫੂਲ ਦੀ ਸਰਹੰਦ ਵਿੱਚ ਹੀ ਮੌਤ ਹੋ ਗਈ। ਭਾਈ ਫੂਲ ਦੀ ਮੌਤ ਤੋਂ ਬਾਅਦ ਮਾਈ ਬਾਲੀ ਵਾਪਸ ਫੂਲ ਆ ਵਸੀ। ਉਸ ਦੇ ਵੱਡੇ ਪੁੱਤਰ ਰੁਘੂ ਦਾ ਵਿਆਹ ਜਿਉਂਦਾ ਪਿੰਡ ਦੇ ਮੱਲਾ ਨਾਮੀ ਭੁੱਲਰ ਦੀ ਧੀ ਮਾਈ ਲੱਖਾਂ ਨਾਲ ਹੋਇਆ। ਉਹ ਪੰਜਗਰਾਈਂ ਵੱਲ ਜ਼ਿਮੀਦਾਰਾਂ ਨਾਲ ਟਾਕਰੇ ਵਿੱਚ ਮਾਰਿਆ ਗਿਆ। ਉਸ ਦੇ ਦੋ ਪੁੱਤਰ ਹਰਿਦਾਸ ਅਤੇ ਸੁਮੀਰ ਸਨ, ਜੋ ਨਾਨਕਿਆਂ ਨੇ ਪਾਲੇ। ਬਾਬਾ ਫੂਲ ਦੀ ਲੜਕੀ ਬੀਬੀ ਫੱਤੋ ਦਾ ਵਿਆਹ ਰਾਮਦਾਸ ਪਿੰਡ (ਅੰਮ੍ਰਿਤਸਰ) ਦੇ ਭਾਈ ਧੰਨਾ ਸਿੰਘ ਨਾਲ ਹੋਇਆ, ਜੋ ਬਾਬਾ ਬੁੱਢਾ ਜੀ ਦੀ ਔਲਾਦ ਵਿੱਚੋਂ ਸਨ। ਧੰਨਾ ਸਿੰਘ ਦਾ ਆਪਣਾ ਇਕਲੌਤਾ ਪੁੱਤਰ ਸੰਗਤ ਸਿੰਘ ਛੱਡ ਕੇ ਗੁਜ਼ਰ ਗਿਆ ਤਾਂ ਉਹ ਫੂਲ ਆ ਗਿਆ। ਪਹਿਲਾਂ ਉਸ ਨੂੰ ਬੁੱਗਰ ਪਿੰਡ ਦਾ ਮਾਲਕ ਬਣਾਇਆ, ਪਰ 1791 ਵਿੱਚ ਉਨ੍ਹਾਂ ਭਦੌੜ ਦੇ ਨੇੜੇ ਪਿੰਡ ਬੀਲ੍ਹਾ ਬੰਨ ਲਿਆ।

ਚੌਧਰੀ ਤਲੋਕ ਚੰਦ ਤੇ ਰਾਮ ਚੰਦ, ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਜਦੋਂ ਗੁਰੂ ਸਾਹਿਬ ਨੂੰ ਲੋੜ ਪਈ ਤਾਂ ਉਨ੍ਹਾਂ ਦੋਵਾਂ ਭਰਾਵਾਂ ਨੂੰ ਹੁਕਮਨਾਮਾ ਭੇਜਿਆ। ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਛੱਡਿਆ ਤੇ ਦੀਨੇ ਕਾਂਗੜ ਪਹੁੰਚੇ ਤਾਂ ਦੋਵੇਂ ਭਾਈ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੁੰਦੇ ਰਹੇ। ਦੋਵਾਂ ਭਾਈਆਂ ਨੇ ਅੰਮ੍ਰਿਤ ਪਾਨ ਕਰ ਲਿਆ ਸੀ। ਦੋਵਾਂ ਭਾਈਆਂ ਦੀ ਬਹੁਤਾ ਚਿਰ ਨਾ ਨਿਭੀ ਤਾਂ ਚੌਧਰੀ ਤਲੋਕ ਸਿੰਘ ਨੇ ਰਾਮ ਸਿੰਘ ਨੂੰ ਫੂਲੇ ਤੋਂ ਕੱਢ ਦਿੱਤਾ ਅਤੇ ਉਹ ਪਹਿਲਾਂ ਢਪਾਲੀ ਥੇਹ ਤੇ ਮਗਰੋਂ ਭਦੌੜ ਚਲਾ ਗਿਆ। ਅਖੀਰ ਆਪਣੇ ਨਾਂ ਉਤੇ ਰਾਮਪੁਰਾ ਪਿੰਡ ਸੰਮਤ 1757 ਵਿੱਚ ਆਬਾਦ ਕੀਤਾ। ਰਾਮ ਸਿੰਘ ਦੀ ਸ਼ਾਦੀ ਘੁੰਨਸਾਂ ਪਿੰਡ ਦੇ ਨਾਨੂੰ ਭੁੱਲਰ ਦੀ ਬੇਟੀ ਨਾਲ ਹੋਈ। ਉਨ੍ਹਾਂ ਦੇ ਛੇ ਪੁੱਤਰ ਦੁੰਨਾ ਸਿੰਘ, ਸੋਭਾ ਸਿੰਘ, ਆਲਾ ਸਿੰਘ, ਬਖਤਾ ਸਿੰਘ, ਬੁੱਢਾ ਸਿੰਘ ਅਤੇ ਲੱਧਾ ਸਿੰਘ ਸਨ। ਲੱਧਾ ਸਿੰਘ ਫੂਲ ਵਿੱਚ ਲੜਾਈ ਵਿੱਚ ਮਾਰਿਆ ਗਿਆ ਸੀ। ਬੁੱਢਾ ਸਿੰਘ ਬਿਕਰਮੀ 1771 ਵਿੱਚ ਗੁਜ਼ਰ ਗਿਆ। ਉਸ ਦੀ ਸ਼ਾਦੀ ਬੰਗੇਹਰ ਪਿੰਡ ਦੇ ਢਿੱਲਵਾਂ ਦੀ ਲੜਕੀ ਮਾਈ ਬਖਤੋ ਨਾਲ ਹੋਈ ਸੀ। ਪਿੱਛੋਂ ਚੌਧਰੀ ਦੁੰਨਾ ਸਿੰਘ ਨੇ ਉਸ ਉਤੇ ਚਾਦਰ ਪਾ ਲਈ, ਜਿਸ ਦੀ ਔਲਾਦ ਰਾਮਪੁਰੀਏ ਸਰਦਾਰ ਹਨ। ਦੁੰਨਾ ਸਿੰਘ ਦੀ ਔਲਾਦ ਭਦੌੜੀਏ ਤੇ ਕੋਟ ਦੁੰਨੇ ਵਾਲੇ ਹਨ। ਇਸੇ ਖਾਨਦਾਨ ਵਿੱਚੋਂ ਅਤਰ ਸਿੰਘ ਭਦੌੜ ਤੇ ਹੁਣ ਵਿਰੋਧੀ ਧਿਰ ਦੇ ਨੇਤਾ ਐਚ ਐਸ ਫੂਲਕਾ ਹਨ। ਬਖਤਾ ਸਿੰਘ ਦੀ ਔਲਾਦ ਬੇਰ ਤੇ ਮਲੌਦ ਵਾਲੇ ਸਰਦਾਰ ਹਨ। ਸੋਭਾ ਸਿੰਘ ਦੀ ਔਲਾਦ ਨਹੀਂ ਤੁਰੀ। ਮਹਾਰਾਜਾ ਆਲਾ ਸਿੰਘ ਰਾਮ ਸਿੰਘ ਦੇ ਤੀਜੇ ਪੁੱਤਰ ਸਨ।

ਸਿੱਧੂ ਬਰਾੜਾਂ ਦਾ ਸਭ ਤੋਂ ਪ੍ਰਸਿੱਧ ਖਾਨਦਾਨ ਪਟਿਆਲਾ ਹੈ। ਇਸ ਖਾਨਦਾਨ ਦੇ ਬਾਨੀ ਆਲਾ ਸਿੰਘ ਹੋਏ ਹਨ। ਛੋਟੀ ਉਮਰ ਵਿੱਚ ਉਨ੍ਹਾਂ ਦੀ ਸ਼ਾਦੀ ਕਾਲੇਕੇ ਪਿੰਡ ਦੇ ਖਾਨੇ ਦੀ ਪੁੱਤਰੀ ਮਾਈ ਫੱਤੋ ਨਾਲ ਹੋ ਗਈ ਸੀ। ਇਸ ਖਾਨਦਾਨ ਵਿੱਚੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਨ। ਬਾਬਾ ਫੂਲ ਦੇ ਵੱਡੇ ਪੁੱਤਰ ਚੌਧਰੀ ਤਿਲੋਕ ਸਿੰਘ ਦੇ ਛੋਟੇ ਪੁੱਤਰ ਸੁਖਚੈਨ ਸਿੰਘ ਤੋਂ ਰਿਆਸਤ ਜੀਂਦ ਦੀ ਸ਼ਾਖ ਚੱਲੀ। ਸੁਖਚੈਨ ਸਿੰਘ ਦੇ ਘਰ ਗਜਪਤਿ ਸਿੰਘ ਦਾ ਜਨਮ ਹੋਇਆ। ਉਸ ਨੇ 17 ਸਾਲ ਉਮਰ ਵਿੱਚ ਦਿੱਲੀ ਸਲਤਨਤ ਦੇ ਪਰਗਨੇ ਜੀਂਦ ਤੇ ਸਫੀਦੋਂ ਫਤਹਿ ਕਰ ਲਏ ਅਤੇ ਰਾਜਧਾਨੀ ਜੀਂਦ ਨੂੰ ਬਣਾਇਆ। ਰਾਜਾ ਸੰਗਤ ਸਿੰਘ ਨੇ ਸੰਗਰੂਰ ਨੂੰ ਰਾਜਧਾਨੀ ਬਣਾ ਲਈ, ਪਰ ਕਾਗਜ਼ਾਂ ਵਿੱਚ ਨਾਮ ਜੀਂਦ ਹੀ ਰਿਹਾ ਸੀ।

# ਵਿਅੰਗ-- ਚਲਾਨ ਚਲਾਨ ਚਲਾਨ

-ਨੂਰ ਸੰਤੋਖਪੁਰੀ

ਇਹ ਸੰਸਾਰ ਚਲਾਇਮਾਨ ਹੋ ਸਕਦਾ ਹੈ। ਸਾਡਾ ਮਹਾਨ ਮੁਲਕ ਚਲਾਨਮਾਨ ਬਣਿਆ ਹੈ। ਖੇਤੀਬਾੜੀ ਪ੍ਰਧਾਨ, ਨਸ਼ਾਇਮਾਨ, ਲੜਾਈਆਂ-ਝਗੜਿਆਂ ਜਾਂ ਮੈਦਾਨ ਸਾਡਾ ਸੂਬਾ ਪੰਜਾਬ ਅੱਜਕੱਲ੍ਹ ਮਹਾ ਚਲਾਨਮਾਨ ਬਣਿਆ ਹੋਇਆ ਹੈ। ਸੁਬ੍ਹਾ, ਦੁਪਹਿਰ ਤੇ ਸ਼ਾਮ ਲੱਗਦੇ ਰਹਿੰਦੇ ਹਨ ਹਰ ਪਾਸੇ ਸੜਕਾਂ 'ਤੇ ਜਾਮ ਹੀ ਜਾਮ। ਨਾਲੋ-ਨਾਲ ਕੱਟੇ ਜਾ ਰਹੇ ਹਨ ਧੜਾਧੜ ਆਵਾਜਾਈ ਨਿਯਮਾਂ ਦੀ ਉਲੰਘਣ ਕਰਨ ਵਾਲਿਆਂ ਦੇ ਅਤੇ ਗੈਰ ਕਾਨੂੰਨੀ ਨਸ਼ਿਆਂ ਦੇ ਘੁੱਟ ਭਰਨ ਵਾਲਿਆਂ ਦੇ, ਸੂਟੇ ਲਾਉਣ ਵਾਲਿਆਂ ਦੇ ਚਲਾਨ। ਸੁਬ੍ਹਾ, ਦੁਪਹਿਰ ਜਾਂ ਹੋਵੇ ਸ਼ਾਮ ਦੇ ਸਮੇਂ ਦੀ ਢਲਾਨ, ਲੋਕਾਂ ਦੇ ਪੁਲਸ ਵਾਲਿਆਂ ਵੱਲੋਂ ਕੱਟੇ ਜਾ ਰਹੇ ਹਨ ਚਲਾਨ ਹੀ ਚਲਾਨ।

ਕਈ ਮਾਮਲਿਆਂ ਵਿੱਚ ਚਲਾਨ ਕੱਟਣ ਤੋਂ ਬਾਅਦ ਅਦਾਲਤਾਂ ਵਿੱਚ ਵੀ ਕੇਸ ਕੀਤੇ ਜਾ ਰਹੇ ਹਨ। ਨਸ਼ੇ ਵੇਚਣ ਵਾਲਿਆਂ, ਕੁਝ ਮਾਮਲਿਆਂ ਵਿੱਚ ਨਸ਼ੇ ਕਰਨ ਵਾਲਿਆਂ ਤੇ ਸੜਕੀ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਪਾਠ ਪੜ੍ਹਾਉਣ ਲਈ (ਨਵੀਂ ਸੂਬਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ) ਸੂਬੇ ਦੀ ਪੁਲਸ ਪੂਰਾ ਤਾਣ ਲਾ ਰਹੀ ਹੈ। ਕੱਟ ਕੱਟ ਕੇ ਚਲਾਨ ਆਪਣੀਆਂ ਡਾਇਰੀਆਂ ਤੇ ਰਜਿਸਟਰਾਂ ਦੇ ਪੰਨੇ ਭਰੀ ਜਾ ਰਹੀ ਹੈ। ਖਾਲੀ ਪੀਪੇ ਵਰਗੇ ਪੰਜਾਬ ਦੇ ਖਾਲੀ ਖਜ਼ਾਨੇ ਨੂੰ ਭਰਨ ਵਾਸਤੇ ਸੂਬਾ ਸਰਕਾਰ ਦੀ ਪੁਲਸ ਮਦਦ ਕਰੀ ਜਾ ਰਹੀ ਹੈ। ਫਿਰ ਵੀ ਹਾਲੇ ਪੰਜਾਬ ਦੀ ਜਵਾਨੀ ਸ਼ਰਾਬ ਸਮੇਤ ਹੋਰ ਨਸ਼ਿਆਂ ਦੇ ਵਹਿਣ 'ਚ ਵਹਿ ਕੇ, ਸੜਕੀ ਹਾਦਸਿਆਂ ਦੇ ਕਹਿਰ ਦਾ ਸ਼ਿਕਾਰ ਹੋ ਕੇ ਨਿੱਤ ਦਿਨ ਮਰੀ ਜਾ ਰਹੀ ਹੈ। ਸੜਕੀ ਹਾਦਸਿਆਂ ਵਿੱਚ ਮਰਨ ਵਾਲੇ ਤੇ ਗੰਭੀਰ ਰੂਪ 'ਚ ਜ਼ਖਮੀ ਹੋਣ ਵਾਲੇ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਹਰ ਹਾਦਸੇ ਨੂੰ ਰੱਬ ਦੇ ਭਾਣੇ ਵਾਲੇ ਖਾਤੇ ਵਿੱਚ ਨਹੀਂ ਪਾਇਆ ਜਾ ਸਕਦਾ। ਹੋਣੀ ਦੀ ਪੋਣੀ ਨਾਲ ਨਹੀਂ ਪੁਣਿਆ ਜਾ ਸਕਦਾ। ਲਗਭਗ ਹਰੇਕ ਹਾਦਸੇ ਪਿੱਛੇ ਇਨਸਾਨਾਂ ਦੀ ਗਲਤੀ ਤੇ ਅਣਗਹਿਲੀ, ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ।

ਚਲਾਇਮਾਨ ਸੰਸਾਰ ਵਿੱਚੋਂ ਉਮਰ ਤੋਂ ਪਹਿਲਾਂ ਰੁਖਸਤ ਹੋਣ ਪਿੱਛੇ ਕਾਹਲੀ ਜ਼ਿੰਮੇਵਾਰ ਹੈ। ਵਾਹਨ ਚਲਾਉਣ ਤੋਂ ਪਹਿਲਾਂ ਵਾਹਨ ਚਾਲਕਾਂ ਵੱਲੋਂ ਸ਼ਰਾਬ ਦੇ ਗਟਾਗਟ ਪੀਤੇ ਜਾਮ, ਹੋਰ ਨਸ਼ਿਆਂ ਦੇ ਭਰੇ ਘੁੱਟ, ਲਾਏ ਸੂਟੇ ਤਾਂ ਜ਼ਿੰਮੇਵਾਰ ਹੁੰਦੇ ਹੀ ਹਨ, ਤੇਜ਼ ਰਫਤਾਰ ਤੇ ਮੋਬਾਈਲਾਂ ਦੀ ਵਰਤੋਂ ਵੀ ਘੱਟ ਜ਼ਿੰਮੇਵਾਰ ਨਹੀਂ। ਚਲਾਨ 'ਤੇ ਚਲਾਨ ਕੱਟ ਕੇ ਫਰਜ਼ ਦੀ ਖਾਨਾ ਪੂਰਤੀ ਕਰਨ ਨਾਲ ਸੜਕੀ ਹਾਦਸਿਆਂ ਨੂੰ ਨਹੀਂ ਰੋਕਿਆ ਜਾ ਸਕਦਾ। ਸਮੱਸਿਆ ਦਾ ਹੱਲ ਠੋਸ ਤਰੀਕਿਆਂ ਨਾਲ ਹੀ ਕੀਤਾ ਜਾ ਸਕਦਾ ਹੈ। ਸੜਕ ਇੰਜੀਨੀਅਰਿੰਗ 'ਚ ਵੀ ਕਾਫੀ ਸੁਧਾਰ ਦੀ ਲੋੜ ਹੈ।

ਹਰ ਸੁਬ੍ਹਾ, ਦੁਪਹਿਰ, ਸ਼ਾਮ ਤੇ ਰਾਤ ਨੂੰ ਜਿਸ ਰਫਤਾਰ ਨਾਲ ਸੜਕ ਹਾਦਸੇ ਵਾਪਰ ਰਹੇ ਹਨ, ਇਹ ਵਰਤਾਰਾ ਬੜਾ ਖਤਰਨਾਕ ਤੇ ਖੌਫਨਾਕ ਸਿੱਧ ਹੋ ਰਿਹਾ ਹੈ। ਚਲਾਇਮਾਨ ਇਸ ਦੁਨੀਆ ਵਿੱਚ ਸਾਡੇ ਮਹਾਨ ਭਾਰਤ ਨੂੰ ਸੜਕ ਹਾਦਸਿਆਂ ਦੀ ਰਾਜਧਾਨੀ ਮੰਨਿਆ ਜਾਣ ਲੱਗਾ ਹੈ। ਇਨ੍ਹਾਂ ਹਾਦਸਿਆਂ ਵਿੱਚ 15 ਸਾਲ ਤੋਂ ਲੈ ਕੇ 35 ਸਾਲ ਉਮਰ ਵਰਗ ਦੇ ਮਰਨ ਵਾਲੇ ਗਭਰੇਟਾਂ ਤੇ ਗੱਭਰੂਆਂ ਦੀ ਗਿਣਤੀ ਕਾਫੀ ਹੁੰਦੀ ਹੈ।

ਕੇਂਦਰ ਸਰਕਾਰ ਦੇ ਸੜਕੀ ਆਵਾਜਾਈ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2015 ਦੌਰਾਨ ਮੁਲਕ ਵਿੱਚ ਪੰਜ ਲੱਖ ਤੋਂ ਵੱਧ ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 1.46 ਲੱਖ ਜਾਨਾਂ ਅਜਾਈਂ ਗਈਆਂ। ਮੁਲਕ ਵਿੱਚ ਰੋਜ਼ ਔਸਤਨ 1214 ਸੜਕ ਹਾਦਸੇ ਹੁੰਦੇ ਹਨ, ਜਿਨ੍ਹਾਂ ਵਿੱਚੋਂ 25 ਫੀਸਦੀ ਹਾਦਸੇ ਦੋਪਹੀਆਂ ਵਾਹਨਾਂ ਦੇ ਹੁੰਦੇ ਹਨ। ਹਾਦਸਿਆਂ ਵਿੱਚ ਰੋਜ਼ 14 ਸਾਲਾਂ ਤੋਂ ਘੱਟ ਉਮਰ ਦੇ 20 ਫੀਸਦੀ ਬੱਚਿਆਂ ਦੀਆਂ ਮੌਤਾਂ ਹੁੰਦੀਆਂ ਹਨ, ਜਦੋਂ ਕਿ ਮੌਤਾਂ ਦੀ ਔਸਤ ਦਰ 37.7 ਫੀਸਦੀ ਹੈ। ਸਭ ਤੋਂ ਵੱਧ ਹਾਦਸੇ ਉੱਤਰ ਪ੍ਰਦੇਸ਼ ਵਿੱਚ ਹੁੰਦੇ ਹਨ। ਪੰਜਾਬ ਵੀ ਪਿੱਛੇ ਰਹਿਣ ਵਾਲਾ ਕਦੋਂ ਹੈ? ਏਥੇ ਹਰ ਰੋਜ਼ ਔਸਤਨ ਨੌਂ ਲੋਕ ਸੜਕ ਹਾਦਸਿਆਂ ਵਿੱਚ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਸਿਤਮ ਖੁਦਾ ਦਾ ਕਿ ਇਸ ਦੇ ਬਾਵਜੂਦ ਹਾਦਸਿਆਂ ਦੀ ਦਰ ਘਟਾਉਣ ਤੇ ਅਜਾਈਂ ਜਾਂਦੀਆਂ ਜਾਨਾਂ ਨੂੰ ਰੋਕਣ ਵਾਸਤੇ ਪਿਛਲੇ ਲੰਮੇ ਸਮੇਂ ਤੱਕ ਸੁਹਿਰਦ-ਸੰਜੀਦਾ ਯਤਨ ਕਰਨ ਦੀ ਖੇਚਲ ਨਹੀਂ ਕੀਤੀ ਗਈ।

ਹੁਣ ਚਲਾਨ 'ਤੇ ਚਲਾਨ ਕੱਟਣ ਦੀ ਖੇਚਲ ਲਗਾਤਾਰ ਕੀਤੀ ਜਾ ਰਹੀ ਹੈ। ਵਾਧੂ ਭਾਰ ਢੋਣ ਵਾਲੇ, ਭਾਵ ਓਵਰ ਲੋਡਿਡ ਵਾਹਨਾਂ ਦੇ ਚਲਾਨ ਵੀ ਥੋਕ ਵਿੱਚ ਕੱਟੇ ਜਾ ਰਹੇ ਹਨ। ਹਾਦਸੇ ਫਿਰ ਵੀ ਵਾਪਰ ਰਹੇ ਹਨ, ਅਰਥਾਤ ਰੱਬ ਦਾ ਭਾਣਾ ਫਿਰ ਵੀ ਵਾਪਰ ਰਿਹਾ ਹੈ। ਕਾਨੂੰਨ ਤੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਾਉਣ ਦੇ ਨਾਲ-ਨਾਲ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਸਿਖਿਅਤ ਤੇ ਜਾਗਰੂਕ ਵੀ ਕਰੇ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਨਾਬਾਲਗ ਬੱਚਿਆਂ ਨੂੰ ਵਾਹਨ ਚਲਾਉਣ ਤੋਂ ਰੋਕਣ।

ਤਰ੍ਹਾਂ-ਤਰ੍ਹਾਂ ਦੇ ਨਸ਼ੇ ਵੇਚਣ ਤੇ ਕਰਨ ਵਾਲਿਆਂ ਦੇ, ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਤਾਂ ਧੜਾਧੜ ਚਲਾਨ ਕੱਟੇ ਜਾ ਰਹੇ ਹਨ, ਪਰ ਜਿਨ੍ਹਾਂ ਲੋਕਾਂ ਤੇ ਲੋਕਣੀਆਂ ਦਾ ਚਾਲ-ਚਲਨ ਠੀਕ ਨਹੀਂ, ਇਸ ਤੇਜ਼ੀ ਨਾਲ ਉਨ੍ਹਾਂ ਦੇ ਚਲਾਨ ਕਿਉਂ ਨਹੀਂ ਕੱਟੇ ਜਾਂਦੇ? ਉਨ੍ਹਾਂ ਖਿਲਾਫ ਕੇਸ ਕਿਉਂ ਨਹੀਂ ਦਰਜ ਕੀਤੇ ਜਾ ਰਹੇ? ਗਲਤ ਚਾਲ-ਚਲਨ ਵਾਲਿਆਂ ਨੇ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਇਆ ਹੈ। ਕੀ ਇਹ ਚਲਾਇਮਾਨ ਸੰਸਾਰ ਇਸੇ ਤਰ੍ਹਾਂ ਚੱਲਦਾ ਰਹੇਗਾ?

ਮਿੰਨੀ ਕਹਾਣੀ

# ਮਿਹਨਤ ਦੀ ਰੋਟੀ

-ਜਸਵਿੰਦਰ ਸਿੰਘ ਪੰਨੂੰ

ਗਰਮੀਆਂ ਦੇ ਦਿਨ ਸਨ। ਕਿਸੇ ਦੋਸਤ ਕੋਲ ਕੁਝ ਘਰੇਲੂ ਕੰਮ ਸੀ। ਉਸ ਨੂੰ ਫੋਨ ਕੀਤਾ ਤਾਂ ਉਹ ਕਹਿੰਦਾ ਕਿ ਘੰਟਾ ਕੁ ਉਡੀਕ ਕਰੋ, ਮੈਂ ਚੱਲ ਪਿਆ ਹਾਂ। ਮੈਂ ਉਸ ਦੀ ਉਡੀਕ ਕਰਨ ਲਈ ਗੱਡੀ ਇਕ ਦਰਖੱਤ ਹੇਠ ਰੋਕ ਲਈ। ਬਾਰੀਆਂ ਖੋਲ੍ਹ ਕੇ ਮੈਂ ਲੰਮਾ ਪੈ ਗਿਆ ਤਾਂ ਮੇਰੀ ਨਿਗ੍ਹਾ ਸਾਹਮਣੇ ਟੋਇਆਂ ਵਿੱਚ ਇਕ ਲੜਕੇ 'ਤੇ ਗਈ। ਉਹ 14-15 ਸਾਲ ਦੀ ਉਮਰ ਦਾ ਹੋਵੇਗਾ। ਉਸ ਦੇ ਹੱਥ ਵਿੱਚ ਇਕ ਸੋਟੀ ਜਿਹੀ ਸੀ ਤੇ ਉਸ ਨੇ ਪਿੱਛੇ ਇਕ ਬੋਰੀ ਲਮਕਾਈ ਹੋਈ ਸੀ। ਸੋਟੀ ਨਾਲ ਕੂੜਾ ਫਰੋਲ ਕੇ ਉਸ ਵਿੱਚੋਂ ਲਿਫਾਫੇ ਚੁੱਕ ਕੇ ਪਿੱਛੇ ਬੋਰੀ ਵਿੱਚ ਪਾ ਰਿਹਾ ਸੀ। ਗਰਮੀ ਵੀ ਕਹਿਰ ਦੀ ਪੈ ਰਹੀ ਸੀ। ਮੈਂ ਕੁਝ ਦੇਰ ਉਸ ਨੂੰ ਦੇਖਦਾ ਰਿਹਾ, ਮੈਥੋਂ ਰਿਹਾ ਨਾ ਗਿਆ। ਉਸ ਨੂੰ ਆਵਾਜ਼ ਮਾਰ ਕੇ ਕੋਲ ਸੱਦਿਆ। ਪੰਜ ਕੁ ਮਿੰਟ ਬਾਅਦ ਉਸ ਨੇ ਟੋਏ ਵਿੱਚੋਂ ਨਿਕਲ ਕੇ ਆਪਣੀ ਬੋਰੀ ਤੇ ਸੋਟੀ ਰੱਖੀ ਤੇ ਆਪਣੇ ਕੱਪੜਿਆਂ ਨਾਲ ਹੱਥ ਸਾਫ ਕਰਦਾ ਹੋਇਆ ਮੇਰੇ ਕੋਲ ਆ ਗਿਆ। ਕੋਲ ਆ ਕੇ ਉਸ ਨੇ ਚੁੱਪ ਕੀਤੇ ਸਿਰ ਝੁਕਾਇਆ। ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਰਹਿੰਦਾ ਹੈ। ਉਸ ਨੇ ਕਿਹਾ ਕਿ ਥੋੜ੍ਹੀ ਦੂਰ ਝੁੱਗੀਆਂ ਵਿੱਚ। ਮੈਂ ਉਸ ਨੂੰ ਪੁੱਛਿਆ, 'ਪੜ੍ਹਿਆ ਨਹੀਂ?' ਉਸ ਨੇ ਨਾਂਹ ਵਿੱਚ ਸਿਰ ਮਾਰ ਦਿੱਤਾ। ਮੈਂ ਉਸ ਨੂੰ ਕਿਹਾ, 'ਇਹ ਕੀ ਕੰਮ ਚੁਣਿਆ ਹੈ ਕੂੜਾ ਫਰੋਲਣਾ..।'

ਉਸ ਨੇ ਕਿਹਾ, 'ਜੀ ਮੰਗਣ ਅਤੇ ਚੋਰੀ ਨਾਲੋਂ ਮੈਨੂੰ ਇਹ ਕੰਮ ਵਧੀਆ ਲੱਗਿਆ। ਮੈਂ ਮੰਗ ਨਹੀਂ ਸਕਦਾ। ਹੋਰ ਕੀ ਕੰਮ ਕਰਾਂ?'

ਮੈਂ ਉਸ ਦੀ ਸੋਚ ਜਾਣ ਕੇ ਨਿਰੁੱਤਰ ਹੋ ਗਿਆ। ਮੈਂ ਉਸ ਨੂੰ ਪੰਜਾਹ ਰੁਪਏ ਦਾ ਨੋਟ ਦੇਣਾ ਚਾਹਿਆ ਤਾਂ ਉਸ ਨੇ ਮਨ੍ਹਾਂ ਕਰ ਦਿੱਤਾ।

ਮੈਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, 'ਇਹ ਆਦਤ ਨਾ ਪਾਓ, ਮੈਨੂੰ ਲਾਲਚ ਪੈ ਜਾਵੇਗਾ ਤੇ ਮੈਂ ਮਿਹਨਤ ਕਰਨੀ ਛੱਡ ਜਾਵਾਂਗਾ। ਇਸ ਲਈ ਮੈਂ ਇਹ ਰੁਪਏ ਨਹੀਂ ਲੈਣੇ।'

ਇੰਨਾ ਕਹਿ ਕੇ ਉਹ ਆਪਣੀ ਬੋਰੀ ਤੇ ਸੋਟੀ ਵੱਲ ਭੱਜ ਤੁਰਿਆ ਜਿਵੇਂ ਕਿਸੇ ਡਿਊਟੀ ਤੋਂ ਲੇਟ ਹੋ ਰਿਹਾ ਹੋਵੇ।

# ਇਹੀ ਮੇਰੇ ਵਾਰਸ ਨੇ..

-ਸੁਖਪਾਲ ਕੌਰ ਸੁੱਖੀ

ਮੈਂ ਹਾਲੇ ਦਫਤਰ ਦਾ ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਦੋ ਛੋਟੀਆਂ ਪਿਆਰੀਆਂ ਬੱਚੀਆਂ ਮੈਲੇ ਕੁਚੈਲੇ ਕੱਪੜਿਆਂ ਨਾਲ ਮੇਰੇ ਕਮਰੇ ਵਿੱਚ ਆ ਗਈਆਂ। ਸੱਠ ਸਾਲ ਦਾ ਬਾਬਾ, ਜਿਸ ਤੋਂ ਚੰਗੀ ਤਰ੍ਹਾਂ ਖੜਿਆ ਨਹੀਂ ਜਾ ਰਿਹਾ ਸੀ, ਉਨ੍ਹਾਂ ਦੇ ਪਿੱਛੇ ਕਮਰੇ ਵਿੱਚ ਆ ਗਿਆ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਸ ਨੇ ਮੇਰੇ ਵੱਲ ਬੱਚੀ ਦਾ ਆਧਾਰ ਕਾਰਡ ਕਰ ਦਿੱਤਾ। ਆਧਾਰ ਕਾਰਡ 'ਤੇ ਬੱਚੀ ਦਾ ਨਾਂ 'ਸਕੀਨਾ' ਲਿਖਿਆ ਸੀ। ਮੈਂ ਬਾਬੇ ਨੂੰ ਬੈਠਣ ਲਈ ਕਿਹਾ।

ਦਫਤਰ ਦਾ ਮੇਜ਼ ਠੀਕ ਕਰਕੇ ਮੈਂ ਬਾਬੇ ਨੂੰ ਪੁੱਛਿਆ, 'ਬਾਬਾ ਜੀ ਕਿਸ ਕੰਮ ਲਈ ਆਏ ਹੋ।'

ਬਾਬੇ ਨੇ ਤਰਲੇ ਭਰੀ ਆਵਾਜ਼ ਨਾਲ ਕਿਹਾ, 'ਪੁੱਤ ਮੈਂ ਤਾਂ ਤੇਰੇ ਕੋਲ ਬੜੀ ਆਸ ਲੈ ਕੇ ਆਇਆ ਹਾਂ।' ਬਾਬੇ ਦੀ ਭਾਸ਼ਾ ਵਿੱਚ ਪੋਠੋਹਾਰੀ ਦਾ ਰਲੇਵਾਂ ਸੀ।

ਮੈਂ ਫਿਰ ਪੁੱਛਿਆ ਕਿ 'ਬਾਬਾ ਕੀ ਬਿਮਾਰੀ ਹੈ ਗੁੜੀਆ ਨੂੰ?' ਮੈਂ ਇਸ਼ਾਰੇ ਨਾਲ ਬੱਚੀ ਨੂੰ ਆਪਣੇ ਕੋਲ ਸੱਦਿਆ ਤਾਂ ਉਹ ਕੁਝ ਸੰਗ ਗਈ ਤੇ ਆਪਣੀ ਛੋਟੀ ਭੈਣ ਦੇ ਨਾਲ ਲੱਗ ਕੇ ਖੜੋ ਗਈ। ਮੇਰੇ ਇਹ ਕਹਿਣ 'ਤੇ ਕਿ ਹੁਣ ਸਭ ਠੀਕ ਹੋ ਜਾਵੇਗਾ, ਬਾਬੇ ਨੂੰ ਕੁਝ ਸਕੂਨ ਮਿਲਿਆ।

ਬਾਬੇ ਨੇ ਕੁਰਸੀ ਉਪਰ ਠੀਕ ਹੋ ਕੇ ਬੈਠਦੇ ਹੋਏ ਕਿਹਾ, 'ਪੁੱਤ, ਮੈਂ ਅਨਪੜ੍ਹ ਹਾਂ, ਪਰ ਇਹ ਕੁੜੀਆਂ ਕੁਝ ਪੜ੍ਹ ਲਿਖ ਜਾਣ ਤਾਂ ਇਨ੍ਹਾਂ ਦਾ ਕੁਝ ਬਣ ਜਾਵੇਗਾ। ਧੀਏ, ਮੈਂ ਸਕੂਲ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ ਤੇ ਮੈਨੂੰ ਇਹ ਕਹਿ ਕਿ ਭਜਾ ਦਿੱਤਾ ਕਿ ਇਹ ਨਹੀਂ ਪੜ੍ਹ ਸਕਦੀ, ਇਹਦਾ ਦਿਮਾਗ ਨਹੀਂ। ਪੁੱਤ ਮੇਰੇ ਕੋਲ ਆਹ ਇਸ ਦਾ ਆਧਾਰ ਕਾਰਡ ਹੈ। ਮੇਰੀ ਪੋਤੀ ਜਮਾਂ ਠੀਕ ਹੈ। ਮੈਂ ਦੁਬਾਰਾ ਅੱਜ ਗਿਆ ਸੀ ਤੜਕੇ ਤਾਂ ਉਨ੍ਹਾਂ ਕਿਹਾ ਕਿ ਜਨਮ ਪੱਤਰੀ ਲਿਆ ਇਹਦੀ, ਫੇਰ ਦਾਖਲ ਕਰਾਂਗੇ। ਮੈਂ ਬਹੁਤ ਵਾਰ ਮਿੰਨਤਾਂ ਤਰਲੇ ਕੀਤੇ, ਪਰ ਸਰਕਾਰੀ ਸਕੂਲ ਵਾਲਿਆਂ ਨੇ ਨਾਂਹ ਕਰ ਦਿੱਤੀ।' ਇੰਨਾ ਕਹਿ ਕੇ ਬਾਬਾ ਰੋਣ ਲੱਗ ਪਿਆ।

ਮੇਰਾ ਵੀ ਮਨ ਭਰ ਆਇਆ ਸੀ। ਮੈਂ ਆਧਾਰ ਕਾਰਡ ਦੇਖਿਆ ਤਾਂ ਬੱਚੀ ਦੀ ਜਨਮ ਤਰੀਕ 21 ਅਕਤੂਬਰ 2009 ਸੀ। ਬੱਚੀ ਦੇਖਣ ਵਿੱਚ ਬਿਲਕੁਲ ਠੀਕ ਸੀ। ਉਸ ਦੀ ਸਕੂਲ ਜਾਣ ਦੀ ਉਮਰ ਸੀ। ਬਾਬੇ ਨੂੰ ਚੁੱਪ ਕਰਾਇਆ ਤੇ ਪੁੱਛਿਆ, 'ਬਾਬਾ ਜੀ ਤੁਸੀਂ ਇਨ੍ਹਾਂ ਦੇ ਦਾਦਾ ਹੋ?'

ਬਾਬੇ ਨੇ ਆਪਣੀਆਂ ਅੱਖਾਂ ਕੁੜਤੇ ਦੀ ਬਾਂਹ ਨਾਲ ਪੂੰਝਦੇ ਹੋਏ ਕਿਹਾ, 'ਧੀਏ ਹਾਂ, ਮੈਂ ਇਨ੍ਹਾਂ ਦਾ ਦਾਦਾ ਹਾਂ। ਮੇਰਾ ਮੁੰਡਾ ਤੇ ਨੂੰਹ ਦੋਵੇਂ ਕਣਕ ਵੱਢਣ ਗਏ ਨੇ। ਪੁੱਤ ਸਾਲ ਭਰ ਦੇ ਦਾਣਿਆਂ ਦਾ ਵੀ ਇੰਤਜ਼ਾਮ ਕਰਨਾ ਹੈ। ਮੈਂ ਆਪ ਰਿਕਸ਼ਾ ਚਲਾਉਂਦਾ ਪੁੱਤ।' ਇੰਨਾ ਕਹਿ ਕੇ ਬਾਬਾ ਜੀ ਚੁੱਪ ਹੋ ਗਏ ਤੇ ਉਸ ਦੇ ਕੋਲ ਖੜੀ ਵੱਡੀ ਪੋਤੀ ਉਸ ਦੀਆਂ ਅੱਖਾਂ ਪੂੰਝਣ ਲੱਗ ਪਈ।

ਮੈਂ ਬਾਬੇ ਦਾ ਪਿੰਡ ਤੇ ਸਕੂਲ ਦਾ ਨਾਂ ਪੁੱਛਿਆ ਅਤੇ ਜ਼ਿਲਾ ਸਿੱਖਿਆ ਅਫਸਰ ਦੇ ਦਫਤਰ ਦੇ ਇਕ ਡੀਲਿੰਗ ਸਹਾਇਕ ਨੂੰ ਫੋਨ ਕੀਤਾ। ਉਨ੍ਹਾਂ ਨੂੰ ਸਾਰੀ ਗੱਲ ਦੱਸ ਕੇ ਕਿਹਾ ਕਿ ਇਨ੍ਹਾਂ ਬੱਚੀਆਂ ਦਾ ਦਾਖਲਾ ਸਕੂਲ ਵਿੱਚ ਕਰਾਇਆ ਜਾਵੇ ਤੇ ਜੇ ਕੋਈ ਪ੍ਰੇਸ਼ਾਨੀ ਹੈ ਤਾਂ ਮੈਨੂੰ ਦੱਸੀ ਜਾਵੇ।

ਉਨ੍ਹਾਂ ਮੈਨੂੰ ਕਿਹਾ, 'ਬਾਬੇ ਅਤੇ ਬੱਚੀਆਂ ਨੂੰ ਬਲਾਕ ਪ੍ਰਾਇਮਰੀ ਅਫਸਰ ਕੋਲ ਭੇਜੋ, ਮੈਂ ਹੁਣੇ ਫੋਨ ਕਰਦਾ ਹਾਂ। ਦਾਖਲਾ ਹੋ ਜਾਵੇਗਾ। ਜਿਸ ਅਧਿਆਪਕ ਨੇ ਬੱਚੀਆਂ ਦੇ ਦਾਖਲੇ ਤੋਂ ਨਾਂਹ ਕੀਤੀ ਹੈ, ਉਸ ਨੂੰ ਵੀ ਬੁਲਾ ਕੇ ਪੁੱਛਦੇ ਹਾਂ।'

ਮੈਂ ਬਾਬੇ ਨੂੰ ਦਫਤਰ ਦਾ ਪਤਾ, ਆਪਣਾ ਫੋਨ ਨੰਬਰ ਤੇ ਰਸਤੇ ਬਾਰੇ ਦੱਸਿਆ ਤੇ ਕਿਹਾ ਕਿ ਬਾਬਾ ਜੀ ਉਥੇ ਕੁਝ ਨਾ ਬਣਿਆ ਤਾਂ ਮੈਨੂੰ ਮੁੜ ਫੋਨ ਕਰਨਾ।

ਬਾਬੇ ਨੇ ਬੜੇ ਪਿਆਰ ਨਾਲ ਮੇਰਾ ਸਿਰ ਪਲੋਸਿਆ ਤੇ ਅਣਗਿਣਤ ਅਸੀਸਾਂ ਦਿੱਤੀਆਂ। ਮੈਂ ਬਾਬੇ ਨੂੰ ਸੁਭਾਵਿਕ ਹੀ ਪੁੱਛਿਆ, 'ਬਾਬਾ ਜੀ ਤੁਹਾਡੇ ਪੋਤਾ ਹੈ।' ਬਾਬੇ ਨੇ ਦੋਵਾਂ ਬੱਚੀਆਂ ਨੂੰ ਆਪਣੇ ਕਲੇਜੇ ਨਾਲ ਲਾਉਂਦਿਆਂ ਕਿਹਾ, 'ਧੀਏ ਮੇਰੇ ਲਈ ਤਾਂ ਇਹੀ ਮੇਰੇ ਪੋਤੇ ਤੇ ਮੇਰੇ ਵਾਰਸ ਨੇ। ਇਨ੍ਹਾਂ ਦਾ ਕੁਝ ਬਣ ਜਾਵੇ ਤਾਂ ਮੈਂ ਉਸ ਰੱਬ ਨੂੰ ਮੂੰਹ ਦਿਖਾਵਾਂ। ਧੀਏ ਲੋਕ ਬੜੇ ਮਾੜੇ ਨੇ, ਕਹਿੰਦੇ ਕੀ ਕਰੇਂਗਾ ਇਨ੍ਹਾਂ ਨੂੰ ਪੜ੍ਹਾ ਕੇ। ਤੂੰ ਆਪਣੇ ਮੁੰਡੇ ਦਾ ਵਿਆਹ ਹੋਰ ਕਰਵਾ ਲੈ। ਤੁਸੀਂ ਮੁਸਲਮਾਨ ਹੋ, ਕਰਵਾ ਵੀ ਸਕਦੇ ਹੋ, ਪਰ ਪੁੱਤ ਮੇਰੀ ਨੂੰਹ ਦਾ ਕੀ ਕਸੂਰ ਹੈ। ਨਾਲੇ ਮੇਰਾ ਮੁੰਡਾ ਕਿਹੜਾ ਕਲੈਕਟਰ ਲੱਗ ਗਿਆ। ਮੇਰਾ ਘਰ ਵੀ ਮੇਰੀ ਨੂੰਹ ਦੀ ਸਮਝਦਾਰੀ ਨਾਲ ਚੱਲਦਾ। ਚੰਗਾ ਪੁੱਤ ਮੈਂ ਜੇ ਕੁਝ ਨਾ ਬਣਿਆ ਤਾਂ ਤੇਰੇ ਕੋਲ ਫੇਰ ਆਊਂਗਾ।?' ਇੰਨਾ ਕਹਿ ਬਾਬਾ ਆਪਣੀਆਂ ਦੋਵਾਂ ਬੱਚੀਆਂ ਦੇ ਹੱਥ ਫੜ ਕਮਰੇ ਤੋਂ ਬਾਹਰ ਚਲਾ ਗਿਆ, ਪਰ ਪਿੱਛੇ ਇਕ ਸਵਾਲ ਛੱਡ ਗਿਆ ਸੀ ਕਿ ਅੱਜ ਦੀ ਦੁਨੀਆ 'ਚ ਜਿਨ੍ਹਾਂ ਕੋਲ ਸਭ ਕੁਝ ਹੈ, ਉਹ ਤਾਂ ਬੇਟੀ ਪੈਦਾ ਕਰਨ ਤੋਂ ਡਰਦੇ ਨੇ ਤੇ ਦੂਜੇ ਪਾਸੇ ਬਾਬੇ ਵਰਗੇ..। ਮੇਰਾ ਦਿਲ ਕੀਤਾ ਕਿ ਬਾਬੇ ਨੂੰ ਖੜੀ ਹੋ ਕੇ ਸਲਾਮ ਕਰਾਂ।


## General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਪੰਚਾਇਤੀ ਚੋਣਾਂ 'ਚ ਔਰਤ ਦੀ ਆਜ਼ਾਦੀ

–ਜਸਵੰਤ ਸਿੰਘ ਲਖਣਪੁਰੀ

ਪੰਜਾਬ ਵਿੱਚ ਆਗਾਮੀ ਪੰਚਾਇਤੀ ਚੋਣਾਂ ਵਿੱਚ ਔਰਤਾਂ ਲਈ 50 ਫੀਸਦੀ ਰਾਖਵੇਂਕਰਨ ਦੀ ਗੱਲ ਕੀਤੀ ਜਾ ਰਹੀ ਹੈ, ਜੋ ਔਰਤ ਦੇ ਮਾਣ ਸਨਮਾਨ ਅਤੇ ਬਰਾਬਰੀ ਵੱਲ ਠੋਸ ਕਦਮ ਕਿਹਾ ਜਾ ਸਕਦਾ ਹੈ। ਸਵਾਲ ਇਹ ਹੈ ਕਿ ਕੀ ਜ਼ਮੀਨੀ ਪੱਧਰ 'ਤੇ ਇਸ ਕਦਮ ਦਾ ਫਾਇਦਾ ਔਰਤ ਨੂੰ ਹੋਵੇਗਾ? ਕੀ ਔਰਤ ਆਪਣੀ ਗੁਲਾਮੀ, ਬੇਵੱਸੀ ਨੂੰ ਤਿਆਗ ਸਕੇਗੀ? ਕੀ ਔਰਤ ਵੀ ਮਰਦ ਵਾਂਗ ਕੋਰਟ ਕਚਹਿਰੀ, ਸੱਥਾਂ ਵਿੱਚ ਖੜ੍ਹ ਕੇ ਪਿੰਡ ਦੇ ਮਸਲਿਆਂ ਜਾਂ ਝਗੜਿਆਂ ਨੂੰ ਨਿਬੇੜ ਸਕੇਗੀ? ਇਹੋ ਜਿਹੇ ਬਹੁਤ ਸਵਾਲ ਹਨ, ਜੋ ਔਰਤ ਦੀ ਆਜ਼ਾਦੀ ਬਾਰੇ ਸ਼ੰਕਾ ਉਤਪੰਨ ਕਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਪਹਿਲਾਂ ਹੋਈਆਂ ਪੰਚਾਇਤੀ ਚੋਣਾਂ ਵਿੱਚ ਜਿੱਤ ਹਾਸਲ ਕਰ ਕੇ ਪੰਚ, ਸਰਪੰਚ ਬਣਨ ਵਾਲੀਆਂ ਜ਼ਿਆਦਾ ਔਰਤਾਂ ਘਰ ਦੀ ਚਾਰਦੀਵਾਰੀ ਵਿੱਚ ਕਾਗਜ਼ਾਂ ਜਾਂ ਪੰਚਾਇਤੀ ਮਤਿਆਂ ਉਪਰ ਅੰਗੂਠਾ ਲਾਉਣ ਜਾਂ ਦਸਖਤ ਕਰਨ ਤੱਕ ਹੀ ਸੀਮਿਤ ਰਹੀਆਂ ਹਨ। ਇਕਾ ਦੁੱਕਾ ਪਿੰਡਾਂ ਵਿੱਚ ਹੀ ਔਰਤ ਨੇ ਆਪਣੀ ਆਜ਼ਾਦ ਸੋਚ ਮੁਤਾਬਕ ਇਨ੍ਹਾਂ ਅਹੁਦਿਆਂ ਉਤੇ ਕੰਮ ਕੀਤਾ ਹੋਵੇਗਾ। ਆਮ ਤੌਰ 'ਤੇ ਤਾਂ ਚੁਣੀਆਂ ਗਈਆਂ ਮਹਿਲਾਵਾਂ ਦੇ ਪੁੱਤ ਜਾਂ ਪਤੀ ਹੀ ਸਾਹਮਣੇ ਆਉਂਦੇ ਹਨ।

ਇਸ ਵਿੱਚ ਕਸੂਰ ਕਿਸੇ ਹੋਰ ਦਾ ਨਹੀਂ, ਸਗੋਂ ਸਾਡਾ ਆਪਣਾ ਹੈ। ਅਸੀਂ ਹੀ ਇਸ ਸਮਾਜ ਵਿੱਚ ਵਿਚਰਦੇ ਹਾਂ ਅਤੇ ਔਰਤ ਨੂੰ ਸਦੀਆਂ ਤੋਂ ਗੁਲਾਮ ਵਾਲਾ ਜੀਵਨ ਭੋਗਣ ਲਈ ਮਜਬੂਰ ਕਰਦੇ ਆਏ ਹਾਂ। ਭਾਵੇਂ ਔਰਤਾਂ ਅੱਜ ਕੱਲ੍ਹ ਹਰ ਅਹੁਦੇ 'ਤੇ ਹਨ, ਪਰ ਪਿੰਡ ਪੱਧਰ 'ਤੇ ਉਹ ਅੱਜ ਵੀ ਗੁਲਾਮ ਹਨ। ਪਿੰਡ ਵਾਸੀ ਆਪਣੀਆਂ ਧੀਆਂ ਨੂੰ ਕਾਲਜ ਦੀ ਬੱਸ ਚੜ੍ਹਾਉਣ ਵੇਲੇ ਨਾਲ ਜਾਂਦੇ ਹਨ ਤਾਂ ਉਹ ਪਿੰਡ ਦੇ ਮਸਲਿਆਂ ਦੇ ਹੱਲ ਲਈ ਔਰਤ ਨੂੰ ਘਰ ਤੋਂ ਬਾਹਰ ਕਿਵੇਂ ਭੇਜ ਦੇਣਗੇ? ਕਈ ਪਰਵਾਰਾਂ ਵਿੱਚ ਬੀ ਏ, ਐਮ ਏ ਪਾਸ ਨੂੰਹਾਂ ਦੇ ਸੁਭਾਅ ਤੋਂ ਆਂਢੀ ਗੁਆਂਢੀ ਵੀ ਵਾਕਿਫ ਨਹੀਂ ਹੁੰਦੇ। ਉਹ ਕਦੇ ਭਾਈਚਾਰੇ ਵਿੱਚ ਵਿਚਰਦੀਆਂ ਹੀ ਨਹੀਂ। ਇਨ੍ਹਾਂ ਔਰਤਾਂ ਨੂੰ ਡਰ ਚਾਹੇ ਸਮਾਜ ਦੇ ਗਲਤ ਲੋਕਾਂ ਦਾ ਹੋਵੇ ਜਾਂ ਪਰਵਾਰ ਦੀ ਇਸ ਸੌੜੀ ਮਾਨਸਿਕਤਾ ਦਾ ਕਿ ਘਰ ਦੀ ਇੱਜ਼ਤ ਲੋਕਾਂ ਵਿੱਚ ਕਿਉਂ ਵਿਚਰੇ। ਅਸੀਂ ਕਿਉਂ ਆਪਣੀ ਨੂੰਹ ਨੂੰ ਅੱਗੇ ਕਰੀਏ। ਚਾਹੇ ਉਹ ਕਿੰਨੀ ਵੀ ਸਮਝਦਾਰ, ਅਗਾਂਹਵਧੂ, ਉਸਾਰੂ ਸੋਚ ਦੀ ਮਾਲਕ ਹੋਵੇ, ਇਥੇ ਆ ਕੇ ਉਹ ਬੇਵੱਸ ਹੋ ਜਾਂਦੀ ਹੈ।

ਉਂਝ ਕਈ ਅਜਿਹੇ ਪਰਵਾਰ ਵੀ ਹਨ, ਜੋ ਨੂੰਹ ਨੂੰ ਸਮਾਜ ਵਿੱਚ ਵਿਚਰਨ ਦੀ ਪੂਰੀ ਖੁੱਲ੍ਹ ਦਿੰਦੇ ਹਨ। ਕਈ ਭਾਵੇਂ ਪਹਿਲਾਂ ਸਰਪੰਚੀਆਂ ਵਿੱਚ ਵਿਚਰਦੇ ਹੋਣ, ਪਰ ਔਰਤ ਦੀ ਆਜ਼ਾਦੀ ਦੇ ਵੇਲੇ ਉਹ ਨੀਵੀਂ ਪਾ ਲੈਂਦੇ ਹਨ। ਸਰਪੰਚੀ ਦੀ ਉਮੀਦਵਾਰ ਬਣਨ ਵਾਲੀਆਂ ਜ਼ਿਆਦਾਤਰ ਔਰਤਾਂ ਪਿੰਡ ਦੇ ਝਗੜਿਆਂ ਜਾਂ ਮਸਲਿਆਂ ਨੂੰ ਹੱਲ ਕਰਨ ਵਾਲੇ ਮੋਹਤਬਰਾਂ ਵਿੱਚ ਵੀ ਸ਼ਾਮਲ ਨਹੀਂ ਹੁੰਦੀਆਂ। ਉਥੇ ਵੀ ਪਤੀ ਜਾਂ ਪੁੱਤਰ ਹੀ ਹਾਜ਼ਰੀ ਭਰਦਾ ਹੈ। ਹੋਰ ਮਸਲੇ ਤਾਂ ਦੂਰ ਦੀ ਗੱਲ ਹਨ।

ਇਹ ਸਭ ਕੁਝ ਪਿੰਡ ਪੱਧਰ 'ਤੇ ਵੇਖਣ ਨੂੰ ਮਿਲਦਾ ਹੈ। ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਦੇ ਅਹੁਦੇ ਦੀਆਂ ਚੋਣਾਂ ਵਿੱਚ ਪ੍ਰਤੱਖ ਰੂਪ ਵਿੱਚ ਅਜਿਹਾ ਕੁਝ ਨਜ਼ਰ ਨਹੀਂ ਆਉਂਦਾ। ਜਦੋਂ ਤੱਕ ਅਸੀਂ ਪਿੰਡ ਪੱਧਰ 'ਤੇ ਔਰਤਾਂ ਨੂੰ ਪੂਰਨ ਤੌਰ 'ਤੇ ਆਜ਼ਾਦੀ ਨਹੀਂ ਦੇ ਦਿੰਦੇ, ਓਨਾ ਚਿਰ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਮਹਿਜ਼ ਦਿਖਾਵਾ ਹੀ ਹੈ, ਕਿਉਂਕਿ ਉਸ ਨੂੰ ਮਿਲੀਆਂ ਸ਼ਕਤੀਆਂ ਦੀ ਵਰਤੋਂ ਅਸਲ ਵਿੱਚ ਮਰਦ ਸਮਾਜ ਹੀ ਕਰਦਾ ਹੈ।

ਔਰਤਾਂ ਪ੍ਰਤੀ ਆਪਣੀ ਸੋਚ ਬਦਲਣ ਅਤੇ ਉਸ ਦਾ ਖੁੱਲ੍ਹ ਕੇ ਸਾਥ ਦੇਣ ਦੀ ਲੋੜ ਹੈ ਤਾਂ ਜੋ ਉਹ ਆਪਣੇ ਮੁਤਾਬਕ ਆਪਣੇ ਪਿੰਡ, ਆਪਣੇ ਪਰਵਾਰ ਅਤੇ ਔਰਤ ਜ਼ਾਤ ਦਾ ਮਾਣ ਵਧਾ ਸਕੇ।


# ਪੰਜਾਬ ਦੀ ਜਵਾਨੀ 'ਤੇ ਬੌਧਿਕ ਹੂੰਝਾ

–ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਪੰਜਾਬ ਦੀਆਂ ਵੱਡੀਆਂ ਸੜਕਾਂ ਕਿਨਾਰੇ ਕਰੋੜਪਤੀਆਂ ਨੇ 'ਗਰੁੱਪ ਆਫ ਕਾਲਜਿਜ਼' ਖੋਲ੍ਹੇ ਹੋਏ ਹਨ। ਲਿਸ਼-ਲਿਸ਼ ਕਰਦੀਆਂ ਵਿਸ਼ਾਲ ਇਮਾਰਤਾਂ, ਚੌੜੇ-ਚੌੜੇ ਘਾਹ ਦੇ ਮੈਦਾਨ, ਭਾਂਤ-ਭਾਂਤ ਦੀਆਂ ਫੁੱਲ ਕਿਆਰੀਆਂ। ਬਾਹਰੋਂ ਟਹਿਕਦੇ ਹੋਏ, ਪਰ ਅੰਦਰੋਂ ਨਿਰਾਸ਼ੇ ਮੁੰਡੇ ਕੁੜੀਆਂ ਦੇ ਚਿਹਰੇ। ਨਾ ਕੋਈ ਘਾਹ ਉਤੇ ਤੁਰਦਾ, ਨਾ ਕੋਈ ਖਿੜੇ ਹੋਏ ਫੁੱਲਾਂ ਵੱਲ ਵੇਖਦਾ ਹੈ। ਢਾਕ ਨਾਲ ਲਾਈਆਂ ਮੋਟੀਆਂ ਭਾਰੀਆਂ ਕਿਤਾਬਾਂ, ਟੁੱਟੀ-ਫੁੱਟੀ ਅੰਗਰੇਜ਼ੀ ਵਿੱਚ ਗੁਫਤਗੂ ਤੇ ਉਖੜੀ ਹੋਈ ਚਾਲ।

ਵੱਡੀ ਗਿਣਤੀ ਵਿੱਚ ਨੌਜਵਾਨ ਮੁਟਿਆਰਾਂ ਮਹਿੰਗੇ ਤਕਨੀਕੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਹਨ। ਉਚੀਆਂ ਡਿਗਰੀਆਂ ਪ੍ਰਾਪਤ ਕਰਦੇ ਹਨ, ਪਰ ਉਨ੍ਹਾਂ ਨੂੰ ਆਪਣੀ ਯੋਗਤਾ ਅਨੁਸਾਰ ਨੌਕਰੀ ਨਹੀਂ ਮਿਲਦੀ। ਉਨ੍ਹਾਂ ਨੂੰ ਕੰਮ ਕਰਨ ਦੇ ਸੁਤੰਤਰ ਮੌਕੇ ਨਹੀਂ ਮਿਲਦੇ। ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਨਹੀਂ ਬਣਦੀ। ਫਿਰ ਉਹ ਨੌਜਵਾਨ ਸਮੁੰਦਰ ਤੋਂ ਪਾਰ ਕੋਈ ਹੋਰ ਸੰਸਾਰ ਲੱਭਦੇ ਹਨ। ਵਿਗਿਆਨਕ ਸੋਚ ਵਾਲੇ ਸਾਡੇ ਨੌਜਵਾਨ ਵਿਦੇਸ਼ਾਂ ਨੂੰ ਕੂਚ ਕਰ ਜਾਂਦੇ ਹਨ। ਬ੍ਰਿਟੇਨ ਦਾ ਸਮੁੱਚਾ ਡਾਕਟਰੀ ਪ੍ਰਬੰਧ ਭਾਰਤ ਵਿੱਚੋਂ ਗਏ ਡਾਕਟਰਾਂ ਦੇ ਹੱਥਾਂ ਵਿੱਚ ਹੈ। ਅਮਰੀਕਾ ਵਿੱਚ ਭਾਰਤ ਵਿੱਚੋਂ ਗਏ ਸਾਫਟ ਇੰਜੀਨੀਅਰ ਵੱਡੇ ਕੰਮ ਕਰ ਰਹੇ ਹਨ। ਕੈਨੇਡਾ ਵਿੱਚ ਭਾਰਤੀ, ਖਾਸ ਕਰਕੇ ਪੰਜਾਬੀ ਡਾਕਟਰ ਅਤੇ ਪੰਜਾਬੀ ਵਕੀਲ ਨਾਮ ਖੱਟ ਰਹੇ ਹਨ। ਪੰਜਾਬ, ਭਾਰਤ ਦੇ ਅਤਿ ਕਾਬਿਲ ਦਿਮਾਗ ਹੋਰ ਦੇਸ਼ਾਂ ਨੂੰ ਆਪਣੀਆਂ ਮਾਹਰ ਸੇਵਾਵਾਂ ਦੇ ਕੇ, ਉਨਤ ਦੇਸ਼ਾਂ ਨੂੰ ਹੋਰ ਉਨਤ ਕਰ ਰਹੇ ਹਨ ਤੇ ਸਾਡਾ ਆਪਣਾ ਸੂਬਾ ਤੇ ਦੇਸ਼ ਬੌਧਿਕ ਅਤੇ ਵਿਗਿਆਨਕ ਤੌਰ 'ਤੇ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਪੰਜਾਬੀ ਨੌਜਵਾਨ ਡਾ. ਹਰਗੋਬਿੰਦ ਖੁਰਾਣਾ ਅਮਰੀਕਾ ਵਿੱਚ ਹਿਜਰਤ ਕਰਕੇ, ਮਿਹਨਤ ਕਰਕੇ, ਸਭ ਤੋਂ ਵੱਡਾ ਸਨਮਾਨ 'ਨੋਬੇਲ ਪੁਰਸਕਾਰ' ਪ੍ਰਾਪਤ ਕਰਨ ਵਿੱਚ ਸਫਲ ਰਿਹਾ। ਪੰਜਾਬ ਵਿੱਚ ਕਿਸੇ ਯੂਨੀਵਰਸਿਟੀ, ਕਿਸੇ ਅਦਾਰੇ ਨੇ ਵੀ ਉਨ੍ਹਾਂ ਨੂੰ ਯੋਗ ਨੌਕਰੀ ਨਹੀਂ ਦਿੱਤੀ ਸੀ।

ਸਰਮਾਏਦਾਰਾਂ ਵੱਲੋਂ ਸੜਕਾਂ ਕਿਨਾਰੇ ਉਸਾਰੇ 'ਗਰੁੱਪ ਆਫ ਕਾਲਜਿਜ਼' ਮੋਟੀਆਂ ਫੀਸਾਂ ਉਗਰਾਹ ਰਹੇ ਹਨ। ਬੀ ਟੈਕ, ਕੰਪਿਊਟਰ ਕੋਰਸ, ਆਈ ਟੀ ਬੀ ਈ, ਐਮ ਟੈਕ, ਐਮ ਬੀ ਏ ਕਰਵਾ ਰਹੇ ਹਨ। ਕਈ ਸਾਲਾਂ ਤੋਂ ਨੌਕਰੀਆਂ ਬੰਦ ਹਨ। ਸਰਕਾਰ ਦਾ ਖਜ਼ਾਨਾ ਖਾਲੀ ਹੈ। ਸਿਵਲ ਅਤੇ ਪੁਲਸ ਅਫਸਰਾਂ ਦੀ ਬੜੀ ਵੱਡੀ ਫੌਜ ਹੈ। ਮੰਤਰੀ, ਚੇਅਰਮੈਨ, ਉਪ ਚੇਅਰਮੈਨ, ਉਚ ਅਧਿਕਾਰੀ, ਸਰਕਾਰੀ ਲਾਅ ਅਫਸਰ ਮੋਟਾ ਚੋਗਾ ਚੁਗ ਰਹੇ ਹਨ। ਅਫਸਰਾਂ ਦੇ ਲਈ ਤਰੱਕੀਆਂ ਹਨ। ਮੰਤਰੀਆਂ, ਧਨਾਢਾਂ ਤੇ ਉਚ ਅਧਿਕਾਰੀਆਂ ਦੇ ਪੁੱਤਾਂ ਧੀਆਂ ਲਈ ਅਫਸਰੀਆਂ ਹਨ। ਸਾਧਾਰਨ ਪਰਵਾਰਾਂ ਦੇ ਪੜ੍ਹੇ ਲਿਖੇ ਨੌਜਵਾਨ ਖੁਦਕੁਸ਼ੀਆਂ ਕਰ ਰਹੇ ਹਨ। ਭਾਰਤ ਤੇ ਪੰਜਾਬ ਦੇ ਕਰਜ਼ੇ ਦੇ ਮਾਰੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਮਾਲਵੇ ਤੋਂ ਬਾਅਦ ਮਾਝੇ ਤੇ ਦੋਆਬੇ ਤੱਕ ਕੈਂਸਰ ਦੀ ਮਾਰ ਪੈ ਰਹੀ ਹੈ। ਗਰੀਬਾਂ ਲਈ ਮੁਫਤ ਆਟਾ ਦਾਲ ਸਕੀਮ ਤਾਂ ਹੈ ਪਰ ਸਿਹਤ ਤੇ ਸਿੱਖਿਆ ਦੇ ਸਾਧਨ ਨਹੀਂ। ਸਕੂਲੀ ਕੁੜੀਆਂ ਲਈ ਮੁਫਤ ਸਾਈਕਲ ਹਨ, ਪਰ ਸੁਰੱਖਿਅਤ ਸੜਕਾਂ ਉੱਤੇ ਨਿੱਜੀ ਸੁਰੱਖਿਆ ਨਾ-ਮਾਤਰ ਹੈ। ਸਾਧਨਹੀਣ ਮਾਪਿਆਂ ਦੇ ਬੇਰੁਜ਼ਗਾਰ ਮੁੰਡੇ ਵਿਹਲੇ ਫਿਰਦੇ ਹਨ ਤੇ ਕਈ ਨਸ਼ਿਆਂ, ਚੋਰੀਆਂ ਤੇ ਲੁੱਟਾਂ ਖੋਹਾਂ ਦੇ ਰਾਹ ਪੈ ਜਾਂਦੇ ਹਨ।



ਪੰਜਾਬ ਦੇ ਪੇਂਡੂ ਮੁੰਡਿਆਂ ਲਈ ਫੌਜ ਵਧੀਆ ਕਿੱਤਾ ਹੁੰਦਾ ਸੀ। ਨਸ਼ਿਆਂ ਤੇ ਬੇਰੁਜ਼ਗਾਰੀ ਦੇ ਲਤਾੜੇ ਹੋਏ ਪੰਜਾਬੀ ਮੁੰਡੇ ਫੌਜੀ ਭਰਤੀ ਦੇ ਯੋਗ ਵੀ ਨਹੀਂ ਰਹੇ। ਛਾਤੀਆਂ ਸੁੰਗੜ ਗਈਆਂ ਤੇ ਡੌਲੇ ਚਿਪਕਣ ਦੇ ਨਾਲ ਲੱਤਾਂ ਵੀ ਵਿੰਗੀਆਂ ਹੋ ਗਈਆਂ ਤੇ ਗੋਡੇ ਆਪਸ ਵਿੱਚ ਭਿੜਦੇ ਹਨ। ਸਿੱਖ ਰੈਜਮੈਂਟ ਲਈ ਪੰਜਾਬ ਵਿੱਚ ਸਾਬਤ ਸੂਰਤ ਮੁੰਡੇ ਨਹੀਂ ਮਿਲਦੇ। ਉਹ ਵੇਲਾ ਵੀ ਸੀ, ਜਦੋਂ ਪਿੰਡ ਦੇ ਮੁੰਡੇ ਤੜਕੇ ਉਠਦੇ ਸਨ। ਫਿਰ ਡੰਗਰਾਂ ਨੂੰ ਪੱਠੇ ਪਾਉਂਦੇ, ਪੱਠਿਆਂ ਵਾਲਾ ਟੋਕਾ ਗੇੜ ਕੇ ਪੱਠੇ ਕੁਤਰਦੇ ਤੇ ਧਾਰਾਂ ਕੱਢਦੇ ਸਨ। ਉਦੋਂ ਕਿਰਤ ਸੱਭਿਆਚਾਰ ਸੀ। ਮੁਫਤ ਆਟਾ ਦਾਲ ਨਹੀਂ, ਕਮਾਈ ਹੋਈ ਰੋਟੀ ਖਾਂਦੇ ਸਨ। ਪੜ੍ਹਦੇ ਸਨ, ਖੇਡਦੇ ਸਨ। ਅੱਜ ਨਾ ਸਿਹਤ ਰਹੀ, ਨਾ ਸਿੱਖਿਆ। ਬਨਾਵਟੀ ਖਪਤ ਸੱਭਿਆਚਾਰ ਭਾਰੂ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਮਾਹੌਲ ਨਹੀਂ। ਪ੍ਰਾਈਵੇਟ ਸਕੂਲ ਤੇ ਅਮੀਰਾਂ ਦੇ ਅਦਾਰੇ, ਗਰੀਬ ਬੱਚਿਆਂ ਦੀ ਪਹੁੰਚ ਤੋਂ ਬਾਹਰ ਹਨ।

ਪਹਿਲਾਂ ਬਹੁਤੇ ਪੰਜਾਬੀ ਨੌਜਵਾਨ ਖਾਸ ਕਰਕੇ ਸਾਬਤ ਸੂਰਤ ਸਿੰਘ ਨੌਜਵਾਨ, ਹੱਕ ਸੱਚ ਦੀ ਜੰਗ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਸਨ। ਘੋੜਿਆਂ ਦੀਆਂ ਕਾਠੀਆਂ ਉਤੇ ਘੜੀ ਸੌਂ ਕੇ ਨੀਂਦ ਪੂਰੀ ਕਰਦੇ ਸਨ। ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਇਕ ਹੱਥ ਸ਼ਸਤਰ ਅਤੇ ਦੂਜੇ ਹੱਥ ਸ਼ਾਸਤਰ ਰੱਖਦੇ ਸਨ। ਹਰੀ ਸਿੰਘ ਨਲੂਆ, ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਸ਼ਾਮ ਸਿੰਘ ਅਟਾਰੀਵਾਲਾ ਅਤੇ ਬੰਦਾ ਸਿੰਘ ਬਹਾਦਰ ਦੇ ਰਾਹਾਂ ਉਤੇ ਚੱਲਦੇ ਸਨ। ਸ਼ਹੀਦ ਭਗਤ ਸਿੰਘ, ਊਧਮ ਸਿੰਘ, ਬੱਬਰ ਅਕਾਲੀ, ਗਦਰੀ ਬਾਬਿਆਂ ਤੇ ਇਨਕਲਾਬੀ ਯੋਧਿਆਂ ਦੇ ਸੰਘਰਸ਼ ਤੋਂ ਸੇਧ ਲੈਂਦੇ ਤੇ ਬੁਰਾਈਆਂ ਨੂੰ ਵੰਗਾਰਦੇ ਸਨ। ਅਣਖੀਲੇ, ਇੱਜ਼ਤ ਮਾਣ ਖਾਤਰ ਮਰ ਮਿਟਣ ਵਾਲੇ ਦਲੇਰ ਪੰਜਾਬੀ ਮੁੰਡੇ ਅੱਜ ਭਾਲਿਆਂ ਨਹੀਂ ਥਿਆਉਂਦੇ। ਅਣ ਕਮਾਈਆਂ ਦੌਲਤਾਂ ਸਹਾਰੇ ਪਲੇ ਕਾਕੇ ਮੱਸਲ, ਮਨੀ ਮੋਬਾਈਲ ਤੇ ਮੋਟਰ ਸਾਈਕਲਾਂ ਵਿੱਚ ਉਲਝੇ ਹੋਏ ਹਨ। ਅਸਲਾ ਲਹਿਰਾਉਂਦੇ, ਕੁੜੀਆਂ ਦੇ ਸਕੂਲਾਂ ਕਾਲਜਾਂ ਸਾਹਮਣੇ ਗੇੜੇ ਲਾਉਂਦੇ ਤੇ ਮੇਲਿਆਂ ਵਿੱਚ ਚੱਕਰ ਕੱਟਦੇ ਫਿਰਦੇ ਹਨ।

ਪੰਜਾਬੀ ਖੇਤੀ ਪ੍ਰਧਾਨ ਸੂਬਾ ਸੀ, ਪਰ ਛੋਟੀ ਖੇਤੀ ਲਾਹੇਵੰਦ ਨਹੀਂ ਰਹੀ। ਛੋਟੇ ਕਿਸਾਨ ਹੌਲੀ-ਹੌਲੀ ਸ਼ਾਹੂਕਾਰਾਂ ਤੇ ਆੜ੍ਹਤੀਆਂ ਦੇ ਕਰਜ਼ ਜਾਲ ਵਿੱਚ ਫਸਦੇ ਗਏ ਹਨ। ਬਹੁਤ ਸਾਰੇ ਛੋਟੇ ਕਿਸਾਨ ਖੇਤੀ ਛੱਡਣ ਲਈ ਮਜਬੂਰ ਹੋ ਗਏ ਅਤੇ ਅੱਗੇ ਨੌਜਵਾਨ ਖੇਤੀ ਨਹੀਂ ਕਰਨਾ ਚਾਹੁੰਦੇ। ਪੰਜਾਬੀ ਮੁੰਡਿਆਂ ਲਈ ਆਪਣੀ ਧਰਤੀ ਸੁੰਗੜਦੀ ਜਾ ਰਹੀ ਹੈ। ਇਹ ਧਰਤੀ ਆਪਣੀ ਵੀ ਨਹੀਂ ਜਾਪਦੀ, ਪਰਾਈ ਧਰਤੀ ਤਾਂ ਪਰਾਈ ਹੈ ਹੀ। ਕੀ ਕਰਨ ਸਾਧਾਰਨ ਨੌਜਵਾਨ? ਇਸੇ ਲਈ ਪੜ੍ਹੇ ਲਿਖੇ ਨੌਜਵਾਨ ਵਿਦੇਸ਼ੀ ਧਰਤੀ ਉਤੇ ਚੋਗਾ ਲੱਭਦੇ ਹਨ। ਉਪਰੋਂ ਬੌਧਿਕ ਹੂੰਝਾ (ਬਰੇਨ ਡਰੇਨ) ਫਿਰ ਰਿਹਾ ਹੈ।

ਆਓ ਰਲ ਮਿਲ ਕੇ ਨੌਜਵਾਨਾਂ ਦੇ ਸੁਰੱਖਿਅਤ ਭਵਿੱਖ ਲਈ ਯਤਨਸ਼ੀਲ ਹੋਈਏ ਤਾਂ ਜੋ ਸਾਡੇ ਨੌਜਵਾਨ ਪੰਜਾਬ ਵਿੱਚ ਹੀ ਆਪਣਾ ਭਵਿੱਖ ਸੁਰੱਖਿਅਤ ਮਹਿਸੂਸ ਕਰਨ।

## ਮਿੰਨੀ ਕਹਾਣੀ

# ਮਾਣ

–ਕੁਲਵਿੰਦਰ ਕੌਸ਼ਲ

ਉਹ ਅਣਮੰਨੇ ਜਿਹੇ ਮਨ ਨਾਲ ਕੋਈ ਲੇਖ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਉਸ ਦਾ ਧਿਆਨ ਵਾਰ-ਵਾਰ ਭਟਕ ਜਾਂਦਾ ਸੀ। ਦਿਮਾਗ ਸੀ ਕਿ ਫਿਰ ਆਪਣੇ ਪਰਵਾਰ ਵੱਲ ਚਲਿਆ ਜਾਂਦਾ। ਜਦੋਂ ਇਕਾਗਰਤਾ ਨਾ ਬਣੀ ਤਾਂ ਉਸ ਨੇ ਲਿਖਣਾ ਛੱਡ ਆਪਣਾ ਸਿਰ ਮੇਜ਼ ਉਪਰ ਹੀ ਸੁੱਟ ਲਿਆ।

ਮੋਬਾਈਲ ਦੀ ਘੰਟੀ ਵੱਜਣ ਲੱਗੀ। ਫੋਨ ਚੁੱਕਣ ਨੂੰ ਉਸ ਦਾ ਦਿਲ ਨਹੀਂ ਸੀ ਕਰਦਾ। ਘੰਟੀ ਦੋ ਵਾਰ ਪੂਰੀ ਵੱਜ ਕੇ ਚੁੱਪ ਹੋ ਗਈ, ਪਰ ਉਹ ਉਸੇ ਤਰ੍ਹਾਂ ਪਿਆ ਰਿਹਾ।

'ਕਿਉਂ ਲੇਖਕ ਸਾਹਿਬ! ਤੈਨੂੰ ਕਿੰਨੇ ਵਾਰ ਫੋਨ 'ਤੇ ਸਮਝਾਇਆ..!' ਉਸ ਦੇ ਕੰਨਾਂ ਵਿੱਚ ਆਵਾਜ਼ ਗੂੰਜੀ। ਸਿਰ ਉਠਾ ਕੇ ਦੇਖਿਆ, ਪਰ ਉਥੇ ਕੋਈ ਨਹੀਂ ਸੀ। ਉਸ ਨੇ ਸਿਰ ਦੁਬਾਰਾ ਮੇਜ਼ ਉਤੇ ਸੁੱਟ ਲਿਆ। ਆਵਾਜ਼ ਕਿੱਥੋਂ ਆਈ ਸੀ..? ਉਸ ਨੂੰ ਥੋੜ੍ਹੀ ਜਿਹੀ ਪਰੇਸ਼ਾਨੀ ਹੋਈ।

'ਬਹੁਤ ਜ਼ਿਆਦਾ ਇਨਕਲਾਬੀ ਲਿਖਦੈਂ, ਤੇਰੇ ਵਰਗੇ ਕਈ..।' ਆਵਾਜ਼ ਫਿਰ ਸੁਣਾਈ ਦਿੱਤੀ। ਉਸ ਨੇ ਇਕ ਵਾਰ ਫਿਰ ਹਲਕਾ ਜਿਹਾ ਸਿਰ ਉਠਾਇਆ, ਪਰ ਆਲੇ ਦੁਆਲੇ ਤਾਂ ਕੰਧਾਂ ਹੀ ਸਨ।

'ਕੀ ਸੱਚਮੁੱਚ ਮੈਂ ਪਾਗਲ ਤਾਂ ਨਹੀਂ ਹੋ ਗਿਆ..? ਨਹੀਂ, ਨਹੀਂ ਮੈਂ ਐਨਾ ਕਮਜ਼ੋਰ ਨਹੀਂ ਹਾਂ, ਫਿਰ ਅੱਜ ਇਉਂ ਮੈਂ ਫਿਕਰਮੰਦ ਕਿਉਂ ਹਾਂ?' ਉਸ ਨੇ ਆਪਣੇ ਆਪ ਨੂੰ ਪੁੱਛਿਆ।

ਦਰਅਸਲ ਪਿਛਲੇ ਕਈ ਦਿਨਾਂ ਤੋਂ ਉਸ ਨੂੰ ਫੋਨ 'ਤੇ ਧਮਕੀਆਂ ਮਿਲ ਰਹੀਆਂ ਸਨ, ਸੋਸ਼ਲ ਮੀਡੀਆ ਉਪਰ ਉਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ। ਉਹ ਸਭ ਨੂੰ ਅਣਗੌਲਿਆਂ ਕਰਦਾ ਰਿਹਾ ਤਾਂ ਧਮਕੀ ਦੇਣ ਵਾਲਿਆਂ ਨੇ ਉਸ ਦੇ ਪਰਵਾਰ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕੀਤੀ ਸੀ। ਉਹ ਉਸ ਦੇ ਪਰਵਾਰ ਦਾ ਪੂਰਾ ਖੁਰਾ ਖੋਜ ਕੱਢੀ ਫਿਰਦੇ ਸਨ।

'ਕੀ ਗਲਤ ਨੂੰ ਗਲਤ ਕਹਿਣਾ ਜੁਰਮ ਹੈ। ਫੈਲ ਰਹੀ ਅਸਹਿਣਸ਼ੀਲਤਾ ਵਿਰੁੱਧ ਚੁੱਪ ਰਹਿਣਾ ਜਾਇਜ਼ ਹੈ..? ਇਸ ਚੁੱਪ ਦਾ ਸ਼ੋਰ ਸਾਨੂੰ ਮਾਰ ਨਹੀਂ ਦੇਵੇਗਾ..?' ਉਸ ਨੇ ਲੰਬਾ ਸਾਹ ਲਿਆ।

ਇਕ ਤੋਂ ਬਾਅਦ ਇਕ ਸਵਾਲ ਉਸ ਦੇ ਅੰਦਰ ਖੌਰੂ ਪਾ ਰਹੇ ਸਨ। ਆਪਣੇ ਅੰਦਰਲੀ ਟੁੱਟ ਭੱਜ 'ਤੇ ਕਾਬੂ ਪਾਉਣ ਲਈ ਉਸ ਨੂੰ ਸਮਾਂ ਤਾਂ ਲੱਗਿਆ, ਪਰ ਜਲਦ ਹੀ ਖੁਦ ਨੂੰ ਪੂਰੀ ਤਰ੍ਹਾਂ ਸੰਭਾਲ ਲਿਆ।

ਉਸ ਨੇ ਸਿਰ ਚੁੱਕਿਆ ਤੇ ਇਕ ਪਾਸੇ ਪਿਆ ਮੋਬਾਈਲ ਹੱਥ ਵਿੱਚ ਫੜਿਆ। 'ਜ਼ਰੂਰ ਉਨ੍ਹਾਂ ਦਾ ਹੀ ਫੋਨ ਹੋਵੇਗਾ..' ਸੋਚਦਿਆਂ ਉਸ ਨੇ ਸਕਰੀਨ ਉਤੇ ਨਿਗ੍ਹਾ ਮਾਰੀ। ਬੇਟੇ ਦਾ ਨਾਮ ਦਖ ਕੇ ਉਸ ਦੇ ਅੰਦਰ ਕੰਬਣੀ ਜਿਹੀ ਛਿੜ ਗਈ, 'ਇਸ ਵੇਲੇ ਤਾਂ ਬੇਟੇ ਨੂੰ ਕਾਲਜ ਹੋਣਾ ਚਾਹੀਦਾ ਹੈ..!'

ਇਕ ਅਣਜਾਣ ਡਰ ਨਾਲ ਉਸ ਦੇ ਬੇਟੇ ਦਾ ਨੰਬਰ ਲਾਉਣ ਲਈ ਬਟਨ ਦੱਬ ਦਿੱਤਾ। ਰਿੰਗ ਦੀ ਆਵਾਜ਼ ਦੇ ਨਾਲ-ਨਾਲ ਉਸ ਨੂੰ ਆਪਣੇ ਦਿਲ ਦੀ ਧੜਕਣ ਵੀ ਸੁਣਾਈ ਦੇ ਰਹੀ ਸੀ।

ਉਧਰੋਂ ਮੋਬਾਈਲ ਚੁੱਕਣ ਸਾਰ ਬੇਟੇ ਦੀ ਕਾਹਲ ਭਰੀ ਆਵਾਜ਼ ਆਈ, 'ਪਾਪਾ ਤੁਸੀਂ ਕਿੱਥੇ ਹੋ? ਕਦੋਂ ਦਾ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਤੁਸੀਂ ਚੁੱਕਿਆ ਹੀ ਨਹੀਂ।'

ਉਹ ਕੋਈ ਜਵਾਬ ਦੇਣ ਹੀ ਲੱਗਾ ਸੀ ਕਿ ਬੇਟੇ ਦੀ ਫਿਰ ਆਵਾਜ਼ ਆਈ, 'ਚੱਲੋ ਛੱਡੋ ਪਾਪਾ, ਤੁਹਾਨੂੰ ਪਤੈ..! ਅੱਜ ਕਲਾਸ 'ਚ ਪ੍ਰਿੰਸੀਪਲ ਸਰ ਜਾਣ ਪਛਾਣ ਕਰ ਰਹੇ ਸੀ। ਜਦੋਂ ਉਨ੍ਹਾਂ ਨੂੰ ਪਤਾ ਚੱਲਿਆ ਮੈਂ ਤੁਹਾਡਾ ਬੇਟਾ ਹਾਂ ਤਾਂ ਬਹੁਤ ਖੁਸ਼ ਹੋਏ। ਸਾਰਿਆਂ ਨੂੰ ਤੁਹਾਡੀਆਂ ਲਿਖਤਾਂ ਬਾਰੇ ਦੱਸਿਆ। ਉਨ੍ਹਾਂ ਨੇ ਤੁਹਾਡੀ ਬੇਬਾਕੀ ਅਤੇ ਨਿਡਰਤਾ ਦੀ ਰੱਜ ਕੇ ਤਾਰੀਫ ਕੀਤੀ। ਮੈਨੂੰ ਤੁਹਾਡੇ 'ਤੇ ਮਾਣ ਹੈ ਪਾਪਾ।'

ਇਹ ਪਹਿਲੀ ਵਾਰ ਸੀ, ਜਦੋਂ ਮਾਣ ਨਾਲ ਭਰੇ ਬੇਟੇ ਦੇ ਮੂੰਹੋਂ ਆਪਣੇ ਬਾਰੇ ਸੁਣ ਰਿਹਾ ਸੀ। ਉਹ ਅੰਦਰੋਂ ਉਤਸ਼ਾਹ ਨਾਲ ਭਰ ਗਿਆ ਤੇ ਉਸ ਨੇ ਕੋਲ ਪਏ ਪੈਨ ਨੂੰ ਮਜ਼ਬੂਤੀ ਨਾਲ ਫੜ ਲਿਆ।

# ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ..

–ਪੁਸ਼ਪਿੰਦਰ ਮੋਰਿੰਡਾ

ਬਹੁਤ ਸਾਲ ਪਹਿਲਾਂ ਦੀ ਘਟਨਾ ਹੈ, ਜਦੋਂ ਮੈਨੂੰ ਆਪਣੇ ਪਿੰਡ ਤੋਂ ਕਾਲਜ ਪੜ੍ਹਨ ਜਾਣ ਲਈ ਰੋਜ਼ ਕਰੀਬ ਸੋਲਾਂ ਕਿਲੋਮੀਟਰ ਬੱਸ ਦਾ ਸਫਰ ਕਰਨਾ ਪੈਂਦਾ ਸੀ। ਮੇਰੇ ਪਿੰਡ ਤੋਂ ਬਰਨਾਲੇ ਤੱਕ ਟਾਵੀਂ-ਟਾਵੀਂ ਬੱਸ ਜਾਂਦੀ ਸੀ। ਪਿੰਡ ਦੇ ਬੱਸ ਸਟੈਂਡ ਉੱਤੇ ਪਿੱਪਲ ਥੱਲੇ ਬਣੇ ਇਕ ਥੜ੍ਹੇ ਉਤੇ ਬਾਬਿਆਂ ਦੀ ਢਾਣੀ ਅਕਸਰ ਤਾਸ਼ ਖੇਡਦੀ ਹੁੰਦੀ ਸੀ। ਪਿੰਡ ਤੋਂ ਆਉਣ ਜਾਂ ਬਾਹਰ ਜਾਣ ਵਾਲੀ ਹਰ ਸਵਾਰੀ ਦੀ ਜਾਣਕਾਰੀ ਇਨ੍ਹਾਂ ਕੋਲ ਹੁੰਦੀ ਸੀ। ਇਨ੍ਹਾਂ ਦਾ ਮੋਢੀ ਬਜ਼ੁਰਗ ਤਾਇਆ ਹਰਨਾਮ ਸਿੰਘ ਬਹੁਤ ਮਿਲਾਪੜੇ ਸੁਭਾਅ ਵਾਲਾ ਸੀ। ਕਈ ਵਾਰ ਲੇਟ ਹੋ ਜਾਣ ਕਾਰਨ ਮੈਨੂੰ ਦੂਰੋਂ ਦੇਖ ਕੇ ਉਹ ਬੱਸ ਰੁਕਵਾ ਦਿੰਦਾ ਅਤੇ ਅੱਗੇ ਤੋਂ ਘਰੋਂ ਜਲਦੀ ਚੱਲਣ ਦੀ ਨਸੀਹਤ ਵੀ ਦੇ ਜਾਂਦਾ।



ਇਕ ਦਿਨ ਜਾਂਦੇ ਸਮੇਂ ਇਹ ਬੱਸ ਪਿੰਡ ਤੋਂ ਕੁਝ ਕਿਲੋਮੀਟਰ ਅੱਗੇ ਜਾ ਕੇ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਇਕ ਪਾਸੇ ਡੂੰਘੀ ਦਲਦਲ ਵਿੱਚ ਪਲਟ ਜਾਣ ਕਾਰਨ ਸਵਾਰੀਆਂ ਇਕ ਦੂਜੇ ਉਪਰ ਢੇਰੀ ਹੋ ਗਈਆਂ। ਭਾਵੇਂ ਮੈਂ ਇਕ ਖੁੱਲ੍ਹੇ ਸ਼ੀਸ਼ੇ ਵਿੱਚੋਂ ਉਪਰ ਨੂੰ ਛਾਲ ਮਾਰ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਈ, ਪਰ ਮੌਤ ਨੇੜੇ ਤੋਂ ਦੇਖਣ ਦੇ ਅਨੁਭਵ ਨੇ ਜਿਵੇਂ ਮੇਰੀ ਸੋਚ ਨੂੰ ਜਿੰਦਰਾ ਲਾ ਦਿੱਤਾ। ਔਰਤਾਂ ਅਤੇ ਬੱਚਿਆਂ ਦਾ ਚੀਕ ਚਿਹਾੜਾ ਅਤੇ ਬਜ਼ੁਰਗਾਂ ਵੱਲੋਂ ਵਾਹਿਗੁਰੂ-ਵਾਹਿਗੁਰੂ ਉਚਾਰਨ ਕਰਨ ਦੀ ਆਵਾਜ਼ ਮੇਰੇ ਕੰਨਾਂ ਵਿੱਚ ਟਕਰਾ ਰਹੀ ਸੀ। ਘਟਨਾ ਸਥਾਨ ਤੋਂ ਕਾਲਜ ਤੱਕ ਮੌਤ ਦਾ ਪਰਛਾਵਾਂ ਮੇਰਾ ਪਿੱਛਾ ਕਰਦਾ ਜਾਪਿਆ। ਮੇਰੀ ਡਾਵਾਂ ਡੋਲ ਹਾਲਤ ਦੇਖ ਕੇ ਮੇਰੇ ਸਾਥੀ ਵਿਦਿਆਰਥੀ ਅਤੇ ਅਧਿਆਪਕ ਮੈਨੂੰ ਹੌਸਲਾ ਦੇਣ ਲੱਗੇ। ਪ੍ਰਿੰਸੀਪਲ ਮੈਨੂੰ ਆਪਣੀ ਕਾਲਜ ਵਿੱਚ ਬਣੀ ਰਿਹਾਇਸ਼ ਵਿੱਚ ਲਿਜਾ ਕੇ ਮੁੱਢਲੀ ਸਹਾਇਤਾ ਦੇ ਰਹੇ ਸਨ। ਉਹ ਅਜੇ ਮੈਨੂੰ ਘਰ ਭੇਜਣ ਦੀ ਵਿਉਂਤ ਹੀ ਬਣਾ ਰਹੇ ਸਨ ਕਿ ਅਚਾਨਕ ਕਮਰੇ ਤੋਂ ਬਾਹਰ ਮੈਨੂੰ ਤਾਇਆ ਹਰਨਾਮ ਸਿੰਘ ਦੀ ਆਵਾਜ਼ ਸੁਣਾਈ ਦਿੱਤੀ। ਹਾਦਸੇ ਦੀ ਖਬਰ ਸੁਣਦਿਆਂ ਸਾਰ ਉਹ ਫੱਟੜਾਂ ਦੀ ਮਦਦ ਲਈ ਬਰਨਾਲਾ ਆ ਗਿਆ ਸੀ। ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਜ਼ਖਮੀ ਲੋਕਾਂ ਵਿੱਚ ਮੇਰਾ ਨਾ ਮਿਲਣਾ ਉਸ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਸੀ।

ਪ੍ਰਿੰਸੀਪਲ ਤੇ ਤਾਇਆ ਜੀ ਵਿਚਕਾਰ ਚੱਲ ਰਿਹ ਵਾਰਤਾਲਾਪ ਮੈਨੂੰ ਸਾਫ ਸੁਣਾਈ ਦੇ ਰਿਹਾ ਸੀ। ਤਾਇਆ ਜੀ ਮੈਨੂੰ ਮਿਲਣ ਤੇ ਘਰ ਲੈ ਜਾਣ ਲਈ ਆਖ ਰਹੇ ਸਨ, ਪਰ ਪ੍ਰਿੰਸੀਪਲ ਆਪਣੀ ਜ਼ਿੰਮੇਵਾਰੀ ਦੀ ਭੂਮਿਕਾ ਵਜੋਂ ਇਸ ਨਾਲ ਸਹਿਮਤ ਨਹੀਂ ਸੀ, ਕਿਉਂਕਿ ਉਹ ਸਿਰਫ ਮੇਰੇ ਪਰਵਾਰਕ ਮੈਂਬਰ ਨਾਲ ਮੈਨੂੰ ਘਰ ਭੇਜਣ ਦੀ ਗੱਲ ਕਰ ਰਹੇ ਸਨ। ਅੰਤ ਵਿੱਚ ਤਾਇਆ ਜੀ ਦੇ ਉਹ ਬੋਲ ਸੁਣੇ, 'ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ ਪ੍ਰਿੰਸੀਪਲ ਸਾਹਿਬ! ਸਾਡੇ ਪਿੰਡ ਦੀ ਧੀ ਦਾ ਦੁੱਖ ਸਾਡਾ ਦੁੱਖ ਹੈ।' ਇਸ ਨੇ ਪ੍ਰਿੰਸੀਪਲ ਨੂੰ ਆਪਣਾ ਫੈਸਲਾ ਬਦਲਣ ਲਈ ਮਜਬੂਰ ਕਰ ਦਿੱਤਾ।

ਭਾਵੇਂ ਤਾਇਆ ਹਰਨਾਮ ਸਿੰਘ ਨਾਲ ਮੇਰਾ ਕੋਈ ਖੂਨੀ ਰਿਸ਼ਤਾ ਨਹੀਂ ਸੀ, ਪਰ ਨੈਤਿਕਤਾ ਅਤੇ ਇਨਸਾਨੀਅਤ ਦਾ ਉਚਾ ਤੇ ਸੁੱਚਾ ਰਿਸ਼ਤਾ ਜ਼ਰੂਰ ਸੀ। ਅੱਜ ਉਹ ਕਦਰਾਂ ਕੀਮਤਾਂ ਸਾਡੇ ਸਮਾਜ ਵਿੱਚੋਂ ਪੂਰੀ ਤਰ੍ਹਾਂ ਮਨਫੀ ਹੋ ਚੁੱਕੀਆਂ ਹਨ। ਇਸੇ ਕਾਰਨ ਸਾਡੀਆਂ ਧੀਆਂ ਕਿਤੇ ਵੀ ਮਹਿਫੂਜ਼ ਨਹੀਂ। ਮਾਪੇ ਚਿੰਤਤ ਹਨ, ਕਿਉਂਕਿ ਅੱਜ ਧੀਆਂ ਸਭ ਦੀਆਂ ਸਾਂਝੀਆਂ ਨਹੀਂ ਰਹੀਆਂ। ਘਟਨਾ ਭਾਵੇਂ ਕੁਝ ਦਹਾਕੇ ਪਹਿਲਾਂ ਦੀ ਹੈ, ਪਰ ਔਰਤ ਦੀ ਅਜੋਕੀ ਸਥਿਤੀ ਦੇ ਸੰਦਰਭ ਵਿੱਚ ਵੀ ਤਾਇਆ ਜੀ ਦੇ ਉਨ੍ਹਾਂ ਬੋਲਾਂ ਦੀ ਓਨੀ ਹੀ ਮਹੱਤਤਾ ਹੈ, ਜਿੰਨੀ ਕੁਝ ਦਹਾਕੇ ਪਹਿਲਾਂ ਸੀ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:–

416.618.6030/416 477 3344

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ

ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ

- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੇਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies

Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

7STAR IMMIGRATION

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ,
ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

# 48 ਸਾਲਾਂ ਤੋਂ ਪਾਕਿਸਤਾਨੀ ਜੇਲ੍ਹ ਵਿੱਚ ਬੰਦ ਪਿਐ ਬੀ ਐੱਸ ਐੱਫ ਜਵਾਨ ਸੁਰਜੀਤ ਸਿੰਘ

ਅੰਮ੍ਰਿਤਸਰ, 3 ਦਸੰਬਰ (ਪੋਸਟ ਬਿਊਰੋ)- ਜਦੋਂ ਬਾਰਡਰ ਸਕਿਓਰਟੀ ਫੋਰਸ (ਬੀ ਐੱਸ ਐੱਫ) ਵੱਲੋਂ ਆਪਣਾ 54ਵਾਂ ਸਥਾਪਨਾ ਦਿਵਸ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ, ਓਦੋਂ ਬੀ ਐੱਸ ਐੱਫ ਦੇ ਇੱਕ ਜਾਬਾਂਜ਼ ਜਵਾਨ ਨੂੰ ਸ਼ਾਇਦ ਬੀ ਐੱਸ ਐੱਫ ਭੁੱਲ ਚੁੱਕੀ ਹੈ। ਪਤਾ ਲੱਗਾ ਹੈ ਕਿ ਬੀ ਐੱਸ ਐੱਫ ਦਾ ਜਵਾਨ ਸੁਰਜੀਤ ਸਿੰਘ ਪਿੰਡ ਟਹਿਣਾ ਜ਼ਿਲ੍ਹਾ ਫਰੀਦਕੋਟ ਦਾ ਰਹਿਣ ਵਾਲਾ ਹੈ। ਉਸ ਦਾ ਬੈਚ ਨੰਬਰ 66577672 ਹੈ ਤੇ ਉਹ ਬੀ ਐੱਸ ਐੱਫ ਦੀ 57ਵੀਂ ਬਟਾਲੀਅਨ 'ਚ ਤੈਨਾਤ ਸੀ। ਸਾਲ 1971 ਵਿੱਚ ਜਦੋਂ ਉਹ ਸਾਂਬਾ ਸੈਕਟਰ 'ਚ ਡਿਊਟੀ ਕਰ ਰਿਹਾ ਸੀ ਤਾਂ ਉਸ ਸਮੇਂ ਭਾਰਤ-ਪਾਕਿ ਜੰਗ ਦੌਰਾਨ ਪਾਕਿਸਤਾਨੀ ਫੌਜ ਨੇ ਉਸ ਨੂੰ ਫੜ ਲਿਆ ਤੇ ਅੱਜ ਤੱਕ ਉਸ ਨੂੰ ਨਾ ਰਿਹਾਅ ਕੀਤਾ ਤੇ ਨਾ ਉਸ ਦੇ ਪਾਕਿਸਤਾਨੀ ਜੇਲ੍ਹ 'ਚ ਜ਼ਿੰਦਾ ਹੋਣ ਦੀ ਪੁਸ਼ਟੀ ਕਿਸੇ ਵੀ ਪੱਧਰ ਉੱਤੇ ਕੀਤੀ ਹੈ।

ਸੁਰਜੀਤ ਸਿੰਘ ਦੇ ਬੇਟੇ ਅਮਰੀਕ ਸਿੰਘ ਨੇ ਦੱਸਿਆ ਕਿ ਉਸ ਨੂੰ ਆਪਣੇ ਪਿਤਾ ਦੇ ਜ਼ਿੰਦਾ ਹੋਣ ਦੀ ਖਬਰ ਓਦੋਂ ਮਿਲੀ, ਜਦ ਚਾਰ ਜੁਲਾਈ 1984 ਨੂੰ ਸਤੀਸ਼ ਕੁਮਾਰ ਮਰਵਾਹਾ ਵਾਸੀ ਬਸਤੀ ਟੈਂਕਾਂ ਵਾਲੀ ਫਿਰੋਜ਼ਪੁਰ ਪਾਕਿਸਤਾਨ ਦੀ ਜੇਲ੍ਹ 'ਚੋਂ ਰਿਹਾਅ ਹੋ ਕੇ ਭਾਰਤ ਆਇਆ। ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਸਾਲ 1973 ਤੋਂ ਲੈ ਕੇ 1984 ਤੱਕ ਉਸ ਦੇ ਨਾਲ ਪਾਕਿਸਤਾਨ ਦੀ ਕੋਟਲਖਪਤ ਜੇਲ੍ਹ ਵਿੱਚ ਕੈਦ ਸੀ ਤੇ ਉਹ ਦੋਵੇਂ ਇਕੱਠੇ ਸਨ। ਸਤੀਸ਼ ਕੁਮਾਰ ਨੂੰ ਸੁਰਜੀਤ


ਸੁਰਜੀਤ ਸਿੰਘ ਦੀ ਫਾਇਲ ਫੋਟੋ।

ਸਿੰਘ ਦੀ ਫੋਟ ਦਿਖਾਈ ਗਈ ਤੇ ਉਸ ਨੇ ਸੁਰਜੀਤ ਸਿੰਘ ਦੀ ਪਛਾਣ ਕਰ ਲਈ। ਇਸ ਤੋਂ ਬਾਅਦ ਸਾਲ 2004 ਵਿੱਚ ਭਾਰਤੀ ਕੈਦੀ ਖੁਸ਼ੀ ਮੁਹੰਮਦ ਵਾਸੀ ਮਾਲੇਰਕੋਟਲਾ ਪਾਕਿਸਤਾਨ ਦੀ ਜੇਲ੍ਹ 'ਚੋਂ ਰਿਹਾਅ ਹੋ ਕੇ ਭਾਰਤ ਆਇਆ ਤਾਂ ਉਸ ਨੇ ਵੀ ਸੁਰਜੀਤ ਸਿੰਘ ਦੇ ਜ਼ਿੰਦਾ ਹੋਣ ਦੀ ਪੁਸ਼ਟੀ ਕੀਤੀ ਹੈ। ਇੱਕ ਹੋਰ ਭਾਰਤੀ ਫੌਜੀ ਮੰਗਲ ਸਿੰਘ ਦਾ ਪਰਵਾਰ ਵੀ ਉਸ ਦੀ ਵਾਪਸੀ ਦੀ ਉਡੀਕ ਕਰ ਰਿਹਾ ਹੈ। ਮੰਗਲ ਸਿੰਘ ਵੀ 1971 ਦੀ ਭਾਰਤ-ਪਾਕਿ ਜੰਗ ਲੜਿਆ ਤੇ ਪਾਕਿਸਤਾਨੀ ਫੌਜ ਦੇ ਹੱਥ ਲੱਗ ਗਿਆ, ਪਰ ਪਾਕਿ ਸਰਕਾਰ ਨੇ ਨਾ ਉਸ ਦੇ ਜ਼ਿੰਦਾ ਹੋਣ ਦੀ ਪੁਸ਼ਟੀ ਕੀਤੀ ਤੇ ਨਾ ਰਿਹਾਈ ਕੀਤੀ ਹੈ।

ਫੌਜੀ ਰਾਮਦਾਸ ਦਾ ਪਰਵਾਰ ਵੀ ਉਸ ਦੀ ਵਾਪਸੀ ਦੀ ਅੱਜ ਤੱਕ ਉਡੀਕ ਕਰ ਰਿਹਾ ਹੈ। ਰਾਮਦਾਸ ਦੇ ਬੇਟੇ ਸ਼ਿਵ ਕੁਮਾਰ ਦੇ ਅਨੁਸਾਰ ਉਸ ਦੇ ਪਿਤਾ ਨੂੰ ਵੀ ਸਾਲ 1971 ਦੀ ਜੰਗ ਵਿੱਚ ਦੌਰਾਨ ਪਾਕਿ ਫੌਜ ਨੇ ਗ੍ਰਿਫਤਾਰ ਕਰ ਲਿਆ। ਉਸ ਨੇ ਕਿਹਾ ਕਿ 25 ਜਨਵਰੀ 1972 ਨੂੰ ਸ਼ਾਮ ਚਾਰ ਵੱਜ ਕੇ 10 ਮਿੰਟ 'ਤੇ ਰੇਡੀਓ ਰਾਵਲਪਿੰਡੀ 'ਤੇ ਉਸ ਦੇ ਪਿਤਾ ਦੀ ਆਵਾਜ਼ ਸੁਣੀ ਸੀ, ਜਿੱਥੇ ਉਨ੍ਹਾਂ ਰਿਹਾਈ ਦੀ ਅਪੀਲ ਕੀਤੀ ਸੀ। ਇਸ ਤੋਂ ਵੱਧ ਉਨ੍ਹਾਂ ਦੇ ਜ਼ਿੰਦਾ ਹੋਣ ਦੀ ਪੁਸ਼ਟੀ ਹੋਰ ਕੀ ਹੋ ਸਕਦੀ ਹੈ, ਪਰ ਅੱਜ ਤੱਕ ਉਨ੍ਹਾਂ ਦੀ ਰਿਹਾਈ ਨਹੀਂ ਹੋਈ। ਸ਼ਿਵ ਕੁਮਾਰ ਨੇ ਦੱਸਿਆ ਕਿ ਹਿੰਦੂ ਧਾਰਮਿਕ ਮਾਨਤਾ ਅਨੁਸਾਰ ਜੇ ਕੋਈ ਵਿਅਕਤੀ ਮਰ ਜਾਂਦਾ ਹੈ ਤਾਂ ਉਸ ਦਾ ਕਿਰਿਆਕ੍ਰਮ, ਸ਼ਰਾਧ ਆਦਿ ਕੀਤਾ ਜਾਂਦਾ ਹੈ, ਪਰ ਉਹ ਅਜਿਹਾ ਨਹੀਂ ਕਰ ਸਕਦੇ, ਕਿਉਂਕਿ ਅਜੇ ਤੱਕ ਉਨ੍ਹਾਂ ਦੇ ਪਿਤਾ ਦੇ ਜ਼ਿੰਦਾ ਹੋਣ ਦੀ ਉਮੀਦ ਉਨ੍ਹਾਂ ਦੇ ਮਨ ਵਿੱਚ ਹੈ।


## ਮੋਟਰ ਸਾਈਕਲ 'ਤੇ ਜਾਂਦੇ ਕੱਪੜਾ ਵਪਾਰੀ ਨੂੰ ਕਾਰ ਨੇ ਕੁਚਲਿਆ


ਹਸਪਤਾਲ ਵਿਚ ਵਿਰਲਾਪ ਕਰਦੇ ਮ੍ਰਿਤਕ ਦੇ ਪਰਿਵਾਰ ਵਾਲੇ।

ਜਲੰਧਰ, 3 ਦਸੰਬਰ (ਪੋਸਟ ਬਿਊਰੋ)- ਤੇਜ਼ ਰਫਤਾਰ ਕਾਰ ਦੀ ਟੱਕਰ ਵਿੱਚ ਬਾਈਕ ਸਵਾਰ ਕੱਪੜਾ ਵਪਾਰੀ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਕੇਸ ਦਰਜ ਕਰ ਕੇ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਮਾਮੰਡੀ ਦੇ ਬਸੰਤ ਵਿਹਾਰ ਵਾਸੀ 39 ਸਾਲਾ ਕੱਪੜਾ ਵਪਾਰੀ ਹਰਮੀਤ ਸਿੰਘ ਪੁੱਤਰ ਜਸਵੰਤ ਸਿੰਘ ਬਾਈਕ 'ਤੇ ਸਵਾਰ ਹੋ ਕੇ ਰਾਤ ਨੂੰ ਬਸ ਸਟੈਂਡ ਵੱਲੋਂ ਗੁਰੂ ਗੋਬਿੰਦ ਸਿੰਘ ਸਟੇਡੀਅਮ ਵੱਲ ਆ ਰਹੇ ਸਨ। ਚੁਨਮੁਨ ਚੌਕ ਵਿੱਚ ਮਾਡਲ ਟਾਊਨ ਵੱਲੋਂ ਆਈ ਤੇਜ਼ ਰਫਤਾਰ ਕਾਰ ਨੇ ਉਨ੍ਹਾ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਹਰਮੀਤ ਬਾਈਕ ਤੋਂ ਉਛਲ ਕੇ ਜ਼ਮੀਨ 'ਤੇ ਡਿੱਗ ਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਬਸ ਅੱਡਾ ਚੌਕੀ ਪੁਲਸ ਨੇ 108 ਐਂਬੂਲੈਂਸ ਰਾਹੀਂ ਜ਼ਖਮੀ ਹਰਮੀਤ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਿੱਚ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਹਰਮੀਤ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਰਮੀਤ ਦੇ ਦੋ ਛੋਟੇ ਬੱਚੇ ਹਨ। ਉਹ ਸ਼ਹਿਰ ਵਿੱਚ ਕੱਪੜੇ ਦੀ ਦੁਕਾਨਾਂ 'ਤੇ ਹੋਲ-ਸੇਲ ਸਪਲਾਈ ਕਰਨ ਦਾ ਕੰਮ ਕਰਦਾ ਸੀ। ਥਾਣਾ ਡਵੀਜ਼ਨ ਛੇ ਦੇ ਮੁਖੀ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕ ਦੇ ਜੀਜਾ ਸਤਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਕਾਰ ਚਾਲਕ ਸੌਰਵ ਸੌਰੀਵਾਸੀ ਪ੍ਰੀਤ ਨਗਰ ਸੋਢਲ ਰੋਡ ਦੇ ਖਿਲਾਫ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮੈਡੀਕਲ ਜਾਂਚ ਵਿੱਚ ਸ਼ਰਾਬ ਪੀਤੀ ਸਾਬਤ ਹੋਈ ਤਾਂ ਸ਼੍ਰੋਮਣੀ ਕਮੇਟੀ ਦੀ ਨੌਕਰੀ ਨਹੀਂ




ਚੰਡੀਗੜ੍ਹ, 3 ਦਸੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਬਰਖਾਸਤ ਕੀਤੇ ਹੋਏ ਮੁਲਾਜ਼ਮ ਵੱਲੋਂ ਸਿੰਗਲ ਬੈਂਚ ਦੇ ਫੈਸਲੇ ਵਿਰੁੱਧ ਦਾਇਰ ਕੀਤੀ ਗਈ ਅਪੀਲ ਰੱਦ ਕਰਦੇ ਹੋਏ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਮੈਡੀਕਲ ਵਿੱਚ ਸ਼ਰਾਬ ਪੀਣ ਦੀ ਪੁਸ਼ਟੀ ਹੋ ਗਈ ਹੈ ਤਾਂ ਪਟੀਸ਼ਨਰ ਸ਼੍ਰੋਮਣੀ ਕਮੇਟੀ ਦੀ ਨੌਕਰੀ ਵਿੱਚ ਰਹਿਣ ਦਾ ਹੱਕਦਾਰ ਨਹੀਂ ਹੈ।

ਪਟੀਸ਼ਨਰ ਵੱਲੋਂ ਪਾਈ ਅਰਜ਼ੀ ਅਨੁਸਾਰ 31 ਮਾਰਚ 2010 ਨੂੰ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਇੱਕ ਹੋਰ ਮਹਿਲਾ ਕਰਮਚਾਰੀ ਦੇ ਨਾਲ ਇੱਕ ਬਣ ਰਹੀ ਇਮਾਰਤ ਵਿੱਚ ਇਤਰਾਜ਼ ਯੋਗ ਹਾਲਤ ਵਿੱਚ ਫੜਿਆ ਗਿਆ ਸੀ ਜਿਸ ਪਿੱਛੋਂ ਜਾਂਚ ਹੋਈ ਅਤੇ ਚਾਰਜਸ਼ੀਟ ਪੇਸ਼ ਕਰਨ ਤੋਂ ਬਾਅਦ ਦੋਵਾਂ ਨੂੰ ਬਰਖਾਸਤ ਕਰ ਦਿੱਤਾ ਗਿਆ। ਪਟੀਸ਼ਨਰ ਨੇ ਕਿਹਾ ਕਿ ਮਹਿਲਾ ਕਰਮਚਾਰੀ ਦੀ ਅਪੀਲ ਨੂੰ ਮੰਨਦੇ ਹੋਏ ਹਾਈ ਕੋਰਟ ਨੇ ਉਸ ਨੂੰ ਬਹਾਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ। ਅਜਿਹੇ ਵਿੱਚ ਇਹ ਲਾਭ ਪਟੀਸ਼ਨਰ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ। ਇਸ ਉਤੇ ਹਾਈ ਕੋਰਟ ਨੇ ਕਿਹਾ ਕਿ ਮਹਿਲਾ ਕਰਮਚਾਰੀ 'ਤੇ ਸਿਰਫ ਨਾਜਾਇਜ਼ ਸੰਬੰਧਾਂ ਦਾ ਦੋਸ਼ ਲੱਗਾ ਸੀ, ਜਿਸ ਨੂੰ ਸਾਬਤ ਕਰਨ ਲਈ ਕੋਈ ਸਬੂਤ ਜਾਂ ਗਵਾਹ ਨਹੀਂ ਸੀ, ਪਰ ਪਟੀਸ਼ਨਰ ਨੇ ਉਸ ਮੌਕੇ ਸ਼ਰਾਬ ਵੀ ਪੀਤੀ ਹੋਈ ਸੀ, ਜਿਸ ਦੀ ਪੁਸ਼ਟੀ ਮੈਡੀਕਲ ਜਾਂਚ ਵਿੱਚ ਹੋ ਚੁੱਕੀ ਹੈ। ਇਸ ਉਤੇ ਪਟੀਸ਼ਨਰ ਨੇ ਕਿਹਾ ਕਿ ਇਹ ਸਭ ਸਾਜ਼ਿਸ਼ ਸੀ ਤੇ ਉਸ ਨੂੰ ਉਥੇ ਸੱਦ ਕੇ ਜ਼ਬਰਦਸਤੀ ਉਸ ਦੇ ਮੂੰਹ ਵਿੱਚ ਸ਼ਰਾਬ ਪਾਈ ਗਈ ਸੀ। ਹਾਈ ਕੋਰਟ ਨੇ ਕਿਹਾ ਕਿ ਇਹ ਕਹਾਣੀ ਭਰੋਸੇ ਲਾਇਕ ਨਹੀਂ। ਕੋਰਟ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨਿਯਮ ਅਨੁਸਾਰ ਸ਼ਰਾਬ ਦਾ ਸੇਵਨ ਕਰਨ ਵਾਲਾ ਨੌਕਰੀ ਲਈ ਬਿਨੈ ਕਰਨ ਅਤੇ ਨੌਕਰੀ ਵਿੱਚ ਬਣੇ ਰਹਿਣ ਦੇ ਯੋਗ ਨਹੀਂ ਹੈ।

## ਡਾਕਟਰੀ ਦੇ ਵਿਦਿਆਰਥੀ ਨੇ ਹੋਸਟਲ ਰੂਮ ਵਿੱਚ ਫਾਹਾ ਲਿਆ

ਲੁਧਿਆਣਾ, 3 ਦਸੰਬਰ (ਪੋਸਟ ਬਿਊਰੋ)- ਡੀ ਐੱਮ ਸੀ ਕਾਲਜ ਵਿੱਚ ਪੜ੍ਹਨ ਵਾਲੇ ਐਮ ਬੀ ਬੀ ਐਸ ਦੇ ਵਿਦਿਆਰਥੀ ਅਤੇ ਖੁਦ ਇੱਕ ਡਾਕਟਰ ਦੇ ਬੇਟੇ ਨੇ ਹੋਸਟਲ ਰੂਮ ਵਿੱਚ ਪੱਖੇ ਨਾਲ ਚਾਦਰ ਦੇ ਸਹਾਰੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਪਤਾ ਲੱਗਦੇ ਸਾਰ ਮੌਕੇ 'ਤੇ ਪੁੱਜੀ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤੀ ਹੈ।

ਪੁਲਸ ਚੌਕੀ ਡੀ ਐੱਮ ਸੀ ਦੇ ਇੰਚਾਰਜ ਏ ਐੱਸ ਆਈ ਜਸਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਵਿਦਿਆਰਥੀ ਦੀ ਪਛਾਣ ਇਸ਼ਾਨ ਭਾਟੀਆ (19) ਵਾਸੀ ਰਣਜੀਤ ਨਗਰ ਨਵਾਂ ਸ਼ਹਿਰ ਦੇ ਰੂਪ ਵਿੱਚ ਹੋਈ ਹੈ। ਉਸ ਦੇ ਪਿਤਾ ਡਾਕਟਰ ਰਾਜੇਸ਼ ਭਾਟੀਆ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਦੋ ਬੇਟੇ ਹਨ। ਵੱਡੇ ਬੇਟੇ ਨੇ ਸਾਲ 2016 ਵਿੱਚ ਐੱਮ ਬੀ ਬੀ ਐੱਸ ਦੀ ਪੜ੍ਹਾਈ ਕਰਨ ਲਈ ਡੀ ਐੱਮ ਸੀ ਵਿੱਚ ਦਾਖਲਾ ਲਿਆ ਸੀ, ਜਿਸ ਤੋਂ ਬਾਅਦ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਸੀ। ਹਰ ਹਫਤੇ ਵਾਂਗ ਇਸ ਹਫਤੇ ਵੀ ਕੱਲ੍ਹ ਸ਼ਾਮ ਲਗਭਗ ਪੰਜ ਵਜੇ ਉਸ ਦਾ ਪਿਤਾ ਮਿਲਣ ਲਈ ਟੈਗੋਰ ਨਗਰ ਵਿੱਚ ਡੀ ਐੱਮ ਸੀ ਦੇ ਬੁਆਏ ਹੋਸਟਲ ਆਏ, ਪਰ ਦਰਵਾਜ਼ਾ ਖੜਕਾਉਣ 'ਤੇ ਵੀ ਉਸ ਨੇ ਨਹੀਂ ਖੋਲ੍ਹਿਆ। ਜਦ ਉਨ੍ਹਾਂ ਨੇ ਪੁਲਸ ਦੀ ਮਦਦ ਨਾਲ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਪੁਲਸ ਅਨੁਸਾਰ ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਨੇ ਦੱਸਿਆ ਕਿ ਕਾਲਜ 'ਚ ਪੇਪਰ ਚੱਲ ਰਹੇ ਹਨ। ਕੱਲ੍ਹ ਬਾਅਦ ਦੁਪਹਿਰ ਤੋਂ ਕਿਸੇ ਵਿਦਿਆਰਥੀ ਨੇ ਉਸ ਨੂੰ ਨਹੀਂ ਦੇਖਿਆ, ਉਹ ਕਮਰੇ ਦੇ ਅੰਦਰੋਂ ਬਾਹਰ ਨਹੀਂ ਆਇਆ ਸੀ।


ਹੋਸਟਲ ਦੇ ਕਮਰੇ ਵਿਚ ਪਈ ਵਿਦਿਆਰਥੀ ਦੀ ਲਾਸ਼।

## ਪੁਲਸ ਹਿਰਾਸਤ ਵਿੱਚ ਕਾਂਗਰਸੀ ਵਰਕਰ ਦੀ ਮੌਤ ਪਿੱਛੋਂ ਪਥਰਾਅ

ਅੰਮ੍ਰਿਤਸਰ, 3 ਦਸੰਬਰ (ਪੋਸਟ ਬਿਊਰੋ)- ਪੁਲਸ ਹਿਰਾਸਤ ਵਿੱਚ ਇਕ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਉਣ ਦੇ ਬਾਅਦ ਪੀੜਤ ਪਰਵਾਰ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਗੇਟ ਹਕੀਮਾਂ ਥਾਣੇ ਦੇ ਬਾਹਰ ਲਾਸ਼ ਨੂੰ ਰੱਖ ਕੇ ਪੰਜਾਬ ਪੁਲਸ ਦੀ 'ਮੁਰਦਾ-ਬਾਦ' ਸ਼ੁਰੂ ਕਰ ਦਿੱਤੀ। ਸਥਿਤੀ ਓਦੋਂ ਤਣਾਅ ਵਾਲੀ ਹੋ ਗਈ, ਜਦੋਂ ਪ੍ਰਦਰਸ਼ਨਕਾਰੀਆਂ ਨੇ ਗੁੱਸੇ 'ਚ ਆ ਕੇ ਪਹਿਲਾਂ ਪੁਲਸ 'ਤੇ ਪਥਰਾਅ ਕਰਕੇ ਮੁਲਾਜ਼ਮਾਂ ਨੂੰ ਜ਼ਖਮੀ ਕਰ ਦਿੱਤਾ ਅਤੇ ਫਿਰ ਥਾਣੇ ਅੱਗੇ ਖੜੀਆਂ ਗੱਡੀਆਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਦਿੱਤਾ ਅਤੇ ਪੁਲਸ ਨੂੰ ਹੋਰ ਫੋਰਸ ਸੱਦਣੀ ਪੈ ਗਈ।

ਪ੍ਰਦਰਸ਼ਨ ਕਰਦੇ ਲੋਕਾਂ ਨੇ ਦੋਸ਼ ਲਾਇਆ ਕਿ ਕੱਲ੍ਹ ਸ਼ਾਮ ਪੁਲਸ ਮੁਲਾਜ਼ਮ ਬਿੱਟੂ ਸ਼ਾਹ (38) ਸਪੁੱਤਰ ਮਹਿੰਦਰ ਅਤੇ ਲਖਵਿੰਦਰ ਲੱਕੀ ਦੋਵੇਂ ਵਾਸੀ ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ ਨੂੰ ਚੁੱਕ ਕੇ ਥਾਣੇ ਲੈ ਗਈ। ਥੋੜ੍ਹੀ ਦੇਰ ਬਾਅਦ ਖਬਰ ਆ ਗਈ ਕਿ ਬਿੱਟੂ ਸ਼ਾਹ ਦੀ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਬਿੱਟੂ ਸ਼ਾਹ ਕਾਂਗਰਸੀ ਵਰਕਰ ਸੀ। ਲੋਕਾਂ ਨੇ ਦੋਸ਼ ਲਾਇਆ ਕਿ ਪੁਲਸ ਤਸ਼ੱਦਦ ਦੇ ਕਾਰਨ ਬਿੱਟੂ ਸ਼ਾਹ ਦੀ ਮੌਤ ਹੋਈ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਸਬੰਧਤ ਪੁਲਸ ਮੁਲਾਜ਼ਮਾਂ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਜਾਵੇ। ਥਾਣੇ ਵਿੱਚ ਉਦੋਂ ਸਥਿਤੀ ਹੋਰ ਗੰਭੀਰ ਹੋ ਗਈ, ਜਦੋਂ ਪ੍ਰਦਰਸ਼ਨ ਕਰਦੇ ਲੋਕਾਂ ਨੇ ਲਖਵਿੰਦਰ ਲੱਕੀ ਨੂੰ ਸਾਹਮਣੇ ਨਾ ਲਿਆਉਣ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਪੱਥਰ ਲੱਗਣ ਨਾਲ ਮੁਲਾਜ਼ਮ ਜ਼ਖਮੀ ਹੋ ਗਏ ਤਾਂ ਪੁਲਸ ਨੂੰ ਆਪਣੇ ਬਚਾਅ 'ਚ ਹਲਕਾ ਜਿਹਾ ਲਾਠੀਚਾਰਜ ਕਰਨਾ ਪਿਆ। ਇਸ ਦੇ ਬਾਅਦ ਵੀ ਲੋਕ ਸ਼ਾਂਤ ਨਹੀਂ ਹੋਏ ਅਤੇ ਉਨ੍ਹਾਂ ਨੇ ਥਾਣੇ ਤੋਂ ਬਾਹਰ ਗੱਡੀਆਂ ਦੀ ਭੰਨ ਤੋੜ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਘਟਨਾ ਸਥਾਨ 'ਤੇ ਪਹੁੰਚੇ ਏ ਸੀ ਪੀ ਨਰਿੰਦਰ ਸਿੰਘ ਨੇ ਕਿਹਾ ਕਿ ਅਜੇ ਮਾਮਲੇ ਬਾਰੇ ਉਨ੍ਹਾਂ ਸਾਰੀ ਜਾਣਕਾਰੀ ਨਹੀਂ। ਜਾਂਚ ਕਰਨ 'ਤੇ ਜੇ ਪੁਲਸ ਮੁਲਾਜ਼ਮਾਂ ਵੱਲੋਂ ਕੁੱਟਮਾਰ ਕਰਨ ਦੀ ਗੱਲ ਸਾਹਮਣੇ ਆਈ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।


ਥਾਣੇ ਅੱਗੇ ਪ੍ਰਦਰਸ਼ਨ ਕਰਦੇ ਹੋਏ ਪਰਿਵਾਰ ਵਾਲੇ।

## ਐਕਟਿਵਾ ਉੱਤੇ ਘਰ ਮੁੜਦੇ ਚਾਰ ਨੌਜਵਾਨ ਟਿੱਪਰ ਦੀ ਲਪੇਟ ਵਿੱਚ ਆਏ, ਤਿੰਨ ਮੌਤਾਂ

ਅੰਬਾਲਾ, 3 ਦਸੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਇਸ ਸ਼ਹਿਰ ਵਿੱਚ ਇੱਕ ਟਿਪਰ ਦੀ ਲਪੇਟ ਵਿੱਚ ਆ ਜਾਣ ਨਾਲ ਐਕਟਿਵਾ ਸਵਾਰ ਚਾਰ ਨੌਜਵਾਨਾਂ ਵਿੱਚੋਂ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਨੌਜਵਾਨ ਨੂੰ ਸਿਵਲ ਹਸਪਤਾਲ ਤੋਂ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਮ੍ਰਿਤਕ ਨੌਜਵਾਨਾਂ ਵਿੱਚੋਂ ਇੱਕ ਨੌਜਵਾਨ ਦੀ ਉਮਰ 20 ਸਾਲ ਅਤੇ ਤਿੰਨ ਦੀ ਉਮਰ 15 ਤੋਂ 16 ਸਾਲ ਸੀ।

ਪੁਲਸ ਦੇ ਦੱਸਣ ਅਨੁਸਾਰ 20 ਸਾਲਾ ਧੀਰਜ, ਸ਼ੁਭਮ 15 ਸਾਲ, ਸ਼ਿਵਮ ਅਤੇ ਵਿਕਾਸ ਮੋਹੜਾ ਮੰਡੀ ਕੈਂਟ ਵਾਲੇ ਮਾਨਵ ਚੌਕ ਤੋਂ ਜਗਰ-ਾਤੇ ਤੋਂ ਵਾਪਸ ਕੈਂਟ ਵੱਲ ਐਕਟਿਵਾ ਉਤੇ ਜਾ ਰਹੇ ਸਨ। ਕਾਲਕਾ ਚੌਕ ਤੋਂ ਅਗਰਸੇਨ ਚੌਕ ਵੱਲ ਜਾ ਰਹੇ ਟਿੱਪਰ ਨੇ ਐਕਟਿਵਾ ਨੂੰ ਲਪੇਟ ਵਿੱਚ ਲੈ ਲਿਆ। ਹਾਦਸੇ ਵਿੱਚ ਧੀਰਜ, ਵਿਕਾਸ ਅਤੇ ਸ਼ੁਭਮ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਸ਼ਿਵਮ ਗੰਭੀਰ ਜ਼ਖਮੀ ਹੋ ਗਿਆ। ਸੈਕਟਰ ਸੱਤ ਚੌਕੀ ਤੋਂ ਜਾਂਚ ਅਧਿਕਾਰੀ ਸ਼ੇਰ ਸਿੰਘ ਨੇ ਦੱਸਿਆ ਕਿ ਚਾਰ ਨੌਜਵਾਨਾਂ ਨੂੰ ਟਿਪਰ ਨੇ ਲਪੇਟ ਵਿੱਚ ਲੈ ਲਿਆ। ਪੁਲਸ ਨੇ ਟਿੱਪਰ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਆਪਣਾ ਬੱਚਾ ਅੰਗਹੀਣ ਸੀ, ਦੂਸਰੇ ਦਾ ਚੋਰੀ ਕੀਤਾ, ਪਤੀ-ਪਤਨੀ ਗ੍ਰਿਫਤਾਰ

ਜਲੰਧਰ, 3 ਦਸੰਬਰ (ਪੋਸਟ ਬਿਊਰੋ)- ਇੱਕ ਸਲਮ ਏਰੀਆ ਵਿੱਚ ਰਹਿੰਦੇ ਪਰਵਾਰ ਦਾ ਕੱਲ੍ਹ ਰਾਤ ਸਵਾ ਦੋ ਮਹੀਨੇ ਦਾ ਬੱਚਾ ਚੋਰੀ ਹੋਣ ਦਾ ਕੇਸ ਕੁਝ ਘੰਟਿਆਂ ਵਿੱਚ ਸੁਲਝਾ ਲਿਆ ਗਿਆ। ਪੁਲਸ ਨੇ ਬੱਚਾ ਚੋਰੀ ਕਰਨ ਵਾਲੀ ਮਹਿਲਾ ਤੇ ਉਸ ਦੇ ਪਤੀ ਨੂੰ ਚੋਰੀ ਕੀਤੇ ਬੱਚੇ ਸਮੇਤ ਸਿਟੀ ਰੇਲਵੇ ਸਟੇਸ਼ਨ ਤੋਂ ਕਾਬੂ ਕਰ ਲਿਆ। ਉਸ ਸਮੇਂ ਉਹ ਦੋਵੇਂ ਬੱਚੇ ਨੂੰ ਲੈ ਕੇ ਬਿਹਾਰ ਨੂੰ ਭੱਜ ਜਾਣ ਦੀ ਤਿਆਰੀ ਵਿੱਚ ਸਨ।

ਬੱਚਾ ਚੋਰੀ ਕਰਨ ਵਾਲੇ ਜੋੜੇ ਨੇ ਪੁੱਛਗਿੱਛ ਵਿੱਚ ਪੁਲਸ ਨੂੰ ਦੱਸਿਆ ਹੈ ਕਿ ਉਨ੍ਹਾਂ ਦਾ ਆਪਣਾ ਬੱਚਾ ਅੰਗਹੀਣ ਸੀ। ਤੰਦਰੁਸਤ ਸੰਤਾਨ ਦੀ ਖਾਹਿਸ਼ ਵਿੱਚ ਉਹ ਬੱਚਾ ਚੋਰੀ ਦੀ ਅਪਰਾਧਕ ਵਾਰਦਾਤ ਕਰ ਬੈਠੇ। ਪੁਲਸ ਨੇ ਬੱਚੇ ਨੂੰ ਉਸ ਦੇ ਮਾਤਾ ਪਿਤਾ ਦੇ ਹਵਾਲੇ ਕਰ ਦਿੱਤਾ ਹੈ। ਬੱਚੇ ਦੀ ਮਾਂ ਸੋਨੂੰ ਪਤਨੀ ਫੂਲਚੰਦ ਵਾਸੀ ਵਰਕਸ਼ਾਪ ਚੌਕ ਜਲੰਧਰ ਤੇ ਮੂਲ ਵਾਸੀ ਪਿੰਡ ਸ਼ਾਹਪੁਰ, ਜ਼ਿਲ੍ਹਾ ਬਿਲਵਾੜਾ, ਰਾਜਸਥਾਨ ਨੇ ਦੱਸਿਆ ਕਿ ਉਹ ਸ਼ਨੀਵਾਰ ਸ਼ਾਮ ਆਪਣੇ ਪਰਵਾਰ ਨਾਲ ਝੁੱਗੀ ਵਿੱਚ ਬੈਠੀ ਸੀ। ਇਸੇ ਦੌਰਾਨ ਇੱਕ ਮਹਿਲਾ ਉਸ ਦੇ ਕੋਲ ਆਈ ਅਤੇ ਆਪਣਾ ਨਾਂਅ ਰੂਬੀ ਦੱਸਿਆ। ਉਸ ਨੇ ਖੁਦ ਨੂੰ ਬੇਸਹਾਰਾ ਦੱਸਿਆ ਅਤੇ ਕਿਹਾ ਕਿ ਉਸ ਦੇ ਕੋਲ ਰਹਿਣ ਦੀ ਕੋਈ ਜਗ੍ਹਾ ਨਹੀਂ ਹੈ। ਉਸ ਨੂੰ ਇੱਕ ਰਾਤ ਆਪਣੀ ਝੁੱਗੀ ਵਿੱਚ ਰਹਿਣ ਦੇਵੇ, ਸਵੇਰੇ ਉਹ ਆਪਣਾ ਪ੍ਰਬੰਧ ਕਿਤੇ ਨਾ ਕਿਤੇ ਕਰ ਲਵੇਗੀ। ਉਨ੍ਹਾਂ ਲੋਕਾਂ ਨੇ ਤਰਸ ਖਾ ਕੇ ਰਾਤ ਆਪਣੇ ਕੋਲ ਗੁਜਾਰਨ ਦੀ ਇਜਾਜ਼ਤ ਦੇ ਦਿੱਤੀ। ਸੋਨੂੰ ਨੇ ਦੱਸਿਆ ਕਿ ਰਾਤ ਨੂੰ ਸਾਰੇ ਰੋਜ਼ ਵਾਂਗ ਸੌਂ ਗਏ। ਅਚਾਨਕ ਜਦ ਰਾਤ ਡੇਢ ਵਜੇ ਉਸ ਦੀ ਨੀਂਦ ਖੁੱਲ੍ਹੀ ਤਾਂ ਦੇਖਿਆ ਕਿ ਸਵਾ ਦੋ ਮਹੀਨੇ ਦਾ ਬੇਟਾ ਲੋਕੇਸ਼ ਬਿਸਤਰੇ ਤੋਂ ਗਾਇਬ ਸੀ ਤੇ ਰੂਬੀ ਵੀ ਉਥੋਂ ਗਾਇਬ ਸੀ। ਇਸ ਦੇ ਬਾਅਦ ਉਨ੍ਹਾਂ ਨੇ ਪੁਲਸ ਨੂੰ ਆਪਣਾ ਬੱਚਾ ਚੋਰੀ ਹੋਣ ਦੀ ਸ਼ਿਕਾਇਤ ਦਿੱਤੀ ਸੀ। ਥਾਣਾ ਡਵੀਜ਼ਨ ਨੰਬਰ ਦੋ ਦੇ ਮੁਖੀ ਮਨਮੋਹਨ ਸਿੰਘ ਨੇ ਦੱਸਿਆ ਕਿ ਸਿਟੀ ਰੇਲਵੇ ਸਟੇਸ਼ਨ ਦੇ ਨੇੜਿਉਂ ਰੂਬੀ ਅਤੇ ਉਸ ਦੇ ਪਤੀ ਚੰਦਨ ਨੂੰ ਫੜਿਆ ਗਿਆ ਹੈ। ਦੋਵੇਂ ਮੂਲ ਰੂਪ ਤੋਂ ਬਿਹਾਰ ਦੇ ਮਧੇਪੁਰਾ ਜ਼ਿਲ੍ਹੇ ਦੇ ਪਿੰਡ ਰਪੋਲੀ ਦੇ ਵਾਸੀ ਹਨ ਦੋਵੇਂ ਬੱਚਾ ਲੈ ਕੇ ਬਿਹਾਰ ਫਰਾਰ ਹੋਣ ਲਈ ਟਰੇਨ ਫੜਨ ਆਏ ਸਨ। ਦੋਵਾਂ ਨੇ ਦੱਸਿਆ ਕਿ ਉਨ੍ਹਾਂ ਦਾ ਇੱਕ ਬੇਟਾ ਹੈ ਅਤੇ ਉਹ ਅੰਗਹੀਣ ਹੈ। ਇੱਕ ਹੋਰ ਬੱਚਾ ਪੈਦਾ ਹੋਇਆ, ਪਰ ਸਰੀਰਕ ਰੂਪ ਤੋਂ ਠੀਕ ਨਾ ਹੋਣ ਕਾਰਨ ਪੈਦਾ ਹੋਣ ਦੋ ਦੋ ਮਹੀਨੇ ਦੇ ਅੰਦਰ ਮੌਤ ਹੋ ਗਈ ਸੀ। ਤੰਦਰੁਸਤ ਸੰਤਾਨ ਦੀ ਚਾਹ ਵਿੱਚ ਉਨ੍ਹਾਂ ਨੇ ਬੱਚਾ ਚੋਰੀ ਕਰ ਕੇ ਉਸ ਨੂੰ ਖੁਦ ਪਾਲਣ ਦੀ ਯੋਜਨਾ ਬਣਾਈ। ਇਸੇ ਦੇ ਕਾਰਨ ਸੋਨੂੰ ਦੇ ਘਰੋਂ ਉਸ ਦਾ ਸਵਾ ਦੋ ਮਹੀਨੇ ਦਾ ਬੱਚਾ ਚੋਰੀ ਕਰ ਲਿਆ।



LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

www.AREA REALTOR.com







CENTURY 21.
PRESIDENT
KAMAL SANDHU
Sales Representative
647.891.0143
905.488.2100 ext. 407

# ਜੰਮੂ ਵਿੱਚ ਪੱਕੀ ਨਾਗਰਿਕਤਾ ਦੇ ਸਰਟੀਫਿਕੇਟ ਉੱਤੇ ਵਿਵਾਦ ਸ਼ੁਰੂ

ਜੰਮੂ, 3 ਦਸੰਬਰ (ਪੋਸਟ ਬਿਊਰੋ)- ਇਸ ਰਾਜ ਵਿੱਚ ਜੰਮੂ ਕਸ਼ਮੀਰ ਬੈਂਕ ਨੂੰ ਜਨਤਕ ਅਦਾਰਾ ਐਲਾਨ ਕਰਨ ਦਾ ਮੁੱਦਾ ਅਜੇ ਠੰਢਾ ਨਹੀਂ ਹੋਇਆ ਕਿ ਇੱਕ ਹੋਰ ਵਿਵਾਦ ਭਖਦਾ ਨਜ਼ਰ ਆਉਣ ਲੱਗਾ ਹੈ। ਇਸ ਵਾਰ ਵਿਵਾਦ ਪੱਕੀ ਨਾਗਰਿਕਤਾ ਦੇ ਸਰਟੀਫਿਕੇਟ ਬਾਰੇ ਇੱਕ ਨਵਾਂ ਵਿਵਾਦ ਛਿੜ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਸਰਟੀਫਿਕੇਟ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ 'ਤੇ ਵਿਚਾਰ ਚੱਲ ਰਿਹਾ ਹੈ। ਗਵਰਨਰ ਸਤਪਾਲ ਮਲਿਕ ਨੇ ਅਜਿਹੀ ਕਿਸੇ ਵੀ ਪ੍ਰਕਿਰਿਆ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਸਰਟੀਫਿਕੇਟ ਸੂਬੇ ਦੇ ਸੰਵਿਧਾਨਕ ਢਾਂਚੇ ਦੇ ਅਟੁੱਟ ਅੰਗ ਹੈ। ਇਸ ਦੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਦੀ ਕੋਸ਼ਿਸ਼ ਨਹੀਂ ਹੋ ਰਹੀ ਹੈ। ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਗਵਰਨਰ ਨੂੰ ਲਿਖੇ ਪੱਤਰ ਵਿੱਚ ਪੱਕੀ ਨਾਗਰਿਕਤਾ ਦੇ ਸਰਟੀਫਿਕੇਟ ਵਿੱਚ ਤਬਦੀਲੀ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਸ ਨੇ ਲਿਖਿਆ ਹੈ ਕਿ ਨੈਸ਼ਨਲ ਕਾਨਫਰੰਸ ਦਾ ਇਹ ਵਿਚਾਰ ਹੈ ਕਿ ਇਹ ਪ੍ਰਕਿਰਿਆ ਸੂਬੇ ਦੇ ਜਨ ਸੰਖਿਆਂ ਦੇ ਸਰੂਪ ਨੂੰ ਬਦਲਣ ਅਤੇ ਸੂਬੇ ਦੇ ਵਿਸ਼ੇਸ਼ ਦਰਜੇ ਦੇ ਨਾਲ ਛੇੜਛਾੜ ਦੀ ਕੋਸ਼ਿਸ਼ ਹੈ। ਰਾਜ ਪ੍ਰਸ਼ਾਸਨਿਕ ਕੌਂਸਲ ਇਥੋਂ ਦੀਆਂ ਸੰਸਥਾਵਾਂ ਨੂੰ ਬਦਲ ਰਹੀ ਹੈ। ਇਹ ਲੋਕਤੰਤਰ ਦੇ ਨਿਯਮਾਂ ਦੇ ਖਿਲਾਫ ਹੈ। ਉਨ੍ਹਾਂ ਨੇ ਪੱਤਰ ਵਿੱਚ ਲਿਖਿਆ ਕਿ ਰਿਪੋਰਟ ਦੇ ਅਨੁਸਾਰ ਤੁਹਾਡੀ ਸਰਕਾਰ ਪੱਕੀ ਨਾਗਰਿਕਤਾ ਸਰਟੀਫਿਕੇਟ ਦੀ ਪ੍ਰਕਿਰਿਆ ਵਿੱਚ ਤਬਦੀਲੀ ਕਰ ਰਹੀ ਹੈ। ਇਸ ਸੰਬੰਧ ਵਿੱਚ ਅਧਿਕਾਰੀਆਂ ਨੂੰ ਨਿਰਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ। ਇਹ ਇਤਰਾਜ਼ਯੋਗ ਅਤੇ ਮੰਦਭਾਗਾ ਹੈ। ਅਬਦੁੱਲਾ ਨੇ ਕਿਹਾ ਕਿ ਇਸ ਨਾਲ ਸ਼ਾਂਤੀ ਕਾਇਮ ਕਰਨ ਦੇ ਯਤਨਾਂ ਨੂੰ ਝਟਕਾ ਲੱਗੇਗਾ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਗਵਰਨਰ ਆਪਣੇ ਇਸ ਫੈਸਲੇ ਨੂੰ ਵਾਪਸ ਲੈਣਗੇ। ਉਥੇ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਵੀ ਗਵਰਨਰ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇ ਪੱਕੀ ਨਾਗਰਿਕਤਾ ਸਰਟੀਫਿਕੇਟ ਦੇ ਨਿਯਮਾਂ ਨੂੰ ਬਦਲਣ ਦੇ ਹੁਕਮ ਨੂੰ ਵਾਪਸ ਨਹੀਂ ਲਿਆ ਤਾਂ ਸੂਬੇ ਵਿੱਚ ਸਾਲ 2008 ਵਰਗੇ ਹਾਲਾਤ ਪੈਦਾ ਹੋ ਜਾਣਗੇ।

# ਪਾਕਿ ਅੱਤਵਾਦ ਨਾਲ ਇਕੱਲਾ ਨਹੀਂ ਲੜ ਸਕਦਾ ਤਾਂ ਭਾਰਤ ਦੀ ਮਦਦ ਮੰਗ ਸਕਦੈ: ਰਾਜਨਾਥ



ਜੈਪੁਰ, 3 ਦਸੰਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅੱਤਵਾਦ ਨਾਲ ਲੜਨ ਲਈ ਪਾਕਿਸਤਾਨ ਨੂੰ ਭਾਰਤ ਦੇ ਸਹਿਯੋਗ ਦੀ ਪੇਸ਼ਕਸ਼ ਕੀਤੀ ਹੈ। ਐਤਵਾਰ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪਾਕਿ ਨੇ ਅਫਗਾਨਿਸਤਾਨ ਤੇ ਆਪਣੇ ਦੇਸ਼ ਵਿੱਚ ਤਾਲਿਬਾਨ ਨਾਲ ਲੜਨ ਲਈ ਅਮਰੀਕਾ ਤੋਂ ਸਹਿਯੋਗ ਲਿਆ।

ਰਾਜਨਾਥ ਸਿੰਘ ਨੇ ਕਿਹਾ ਕਿ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬਿਆਨ ਤੋਂ ਲੱਗਦਾ ਹੈ ਕਿ ਉਹ ਵੀ ਅੱਤਵਾਦ ਤੋਂ ਪ੍ਰੇਸ਼ਾਨ ਹਨ। ਜੇ ਇਹ ਠੀਕ ਹੈ ਅਤੇ ਅੱਤਵਾਦ ਨਾਲ ਇਕੱਲਿਆਂ ਲੜਨ 'ਚ ਪਾਕਿ-ਸਤਾਨ ਆਪਣੇ ਆਪ ਨੂੰ ਅਸਮਰਥ ਮੰਨਦਾ ਹੈ ਤਾਂ ਭਾਰਤ ਉਸ ਨਾਲ ਸਹਿਯੋਗ ਕਰਨ ਲਈ ਤਿਆਰ ਹੈ। ਕਾਲੇ ਧਨ ਬਾਰੇ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਰਾਜਨਾਥ ਨੇ ਕਿਹਾ ਕਿ ਇੱਕ ਲੱਖ ਕਰੋੜ ਰੁਪਏ ਦਾ ਕਾਲਾ ਧਨ ਸਰਕਾਰ ਨੂੰ ਮਿਲਿਆ ਹੈ। ਕਾਂਗਰਸ ਦੇ ਸਮੇਂ ਜਦੋਂ ਬੈਂਕਾਂ ਦਾ ਕੌਮੀਕਰਨ ਕੀਤਾ ਗਿਆ ਸੀ ਤਾਂ ਗਰੀਬਾਂ ਨੂੰ ਕੋਈ ਲਾਭ ਨਹੀਂ ਹੋਇਆ ਸੀ। ਭਾਜਪਾ ਸਰਕਾਰ ਨੇ ਨੋਟਬੰਦੀ ਪਿੱਛੋਂ ਕਾਲਾ ਧਨ ਬਾਹਰ ਕਢਵਾਇਆ ਤੇ ਆਮ ਲੋਕਾਂ ਨੂੰ ਉਸ ਦਾ ਲਾਭ ਪਹੁੰਚਾਇਆ।

ਮਨਮੋਹਨ ਸਿੰਘ ਸਰਕਾਰ ਸਮੇਂ ਕੀਤੀਆਂ ਗਈਆਂ ਤਿੰਨ ਸਰਟੀਕਲ ਸਟ੍ਰਾਈਕਾਂ ਦਾ ਪ੍ਰਚਾਰ ਨਾ ਕਰਨ ਦੇ ਕਾਂਗਰਸ ਦੇ ਦਾਅਵੇ 'ਤੇ ਗ੍ਰਹਿ ਮੰਤਰੀ ਨੇ ਕਿਹਾ ਕਿ ਜਵਾਨਾਂ ਦੀ ਬਹਾਦਰੀ ਦੀ ਸ਼ਲਾਘਾ ਕਰਨ ਤੋਂ ਕਾਂਗਰਸ ਕਿਉਂ ਬਚੀ, ਇਹ ਗੱਲ ਸਮਝ 'ਚ ਨਹੀਂ ਆਈ। ਉਸ ਨੇ ਇਸ ਬਾਰੇ ਕਿਉਂ ਨਾ ਦੱਸਿਆ। ਅਸੈਂਬਲੀ ਚੋਣਾਂ ਵਿੱਚ ਕਾਂਗਰਸ 'ਤੇ ਹਰ ਹੱਥਕੰਡਾ ਵਰਤਣ ਦਾ ਦੋਸ਼ ਲਾਉਂਦਿਆਂ ਰਾਜਨਾਥ ਨੇ ਕਿਹਾ ਕਿ ਵਿਕਾਸ ਦੇ ਮੁੱਦੇ ਦੀ ਥਾਂ ਕਾਂਗਰਸ ਗੋਤਰ, ਜਾਤੀ ਤੇ ਧਰਮ ਦੀਆਂ ਗੱਲਾਂ ਕਰ ਰਹੀ ਹੈ। ਕਸ਼ਮੀਰ ਬਾਰੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬਿਆਨ 'ਤੇ ਰਾਜਨਾਥ ਨੇ ਕਿਹਾ ਕਿ ਮੈਂ ਇਹ ਗੱਲ ਸਾਫ ਕਰਨੀ ਚਾਹੁੰਦਾ ਹਾਂ ਤੇ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਨੂੰ ਵੀ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਮੁੱਦਾ ਕਸ਼ਮੀਰ ਨਹੀਂ ਹੈ। ਕਸ਼ਮੀਰ ਤਾਂ ਭਾਰਤ ਦਾ ਅਨਿੱਖੜਵਾਂ ਅੰਗ ਸੀ, ਹੈ ਅਤੇ ਰਹੇਗਾ। ਮੁੱਦਾ ਤਾਂ ਹੈ ਅੱਤਵਾਦ ਦਾ। ਜੇ ਪਾਕਿਸਤਾਨ ਇਸ ਮੁੱਦੇ 'ਤੇ ਗੱਲ ਕਰਨੀ ਚਾਹੁੰਦਾ ਹੈ ਤਾਂ ਹੋ ਸਕਦੀ ਹੈ। ਮੈਂ ਦਾਅਵਾ ਨਹੀਂ ਕਰਨਾ ਚਾਹੁੰਦਾ ਕਿ ਅੱਤਵਾਦ ਖਤਮ ਹੋ ਗਿਆ ਹੈ, ਪਰ ਪਿਛਲੇ ਸਾਢੇ ਚਾਰ ਸਾਲ ਅੰਦਰ ਦੇਸ਼ ਵਿੱਚ ਅੱਤਵਾਦ ਦੀ ਕੋਈ ਵੱਡੀ ਘਟਨਾ ਨਹੀਂ ਵਾਪਰੀ। ਅੱਤਵਾਦ ਸਿਰਫ ਕਸ਼ਮੀਰ ਤੱਕ ਹੈ। ਉਥੇ ਹਾਲਾਤ ਠੀਕ ਹੋ ਰਹੇ ਹਨ।

# 1984 ਦੇ ਕਤਲੇਆਮ ਕੇਸ ਵਿੱਚ 3 ਮੈਂਬਰੀ ਕਮੇਟੀ ਬਾਰੇ ਅਦਾਲਤ ਵਿੱਚ ਸੁਣਵਾਈ



ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਸਾਲ 1984 ਸਿੱਖ ਕਤਲੇਆਮ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੁੱਦੇ ਬਾਰੇ ਦਿੱਲੀ ਦੀ ਇਕ ਅਦਾਲਤ ਵਿਚ ਅੱਜ ਸੁਣਵਾਈ ਹੋਈ ਤਾਂ ਅਦਾਲਤ ਨੇ ਕਿਹਾ ਕਿ ਐੱਸ ਆਈ ਟੀ ਦੀ 3 ਮੈਂਬਰੀ ਕਮੇਟੀ ਲਈ ਤੀਜੇ ਮੈਂਬਰ ਦੀ ਚੋਣ ਲਈ ਸਿਰਫ ਇਕੋ ਨਾਂ ਕਿਉਂ ਸੁਝਾਇਆ ਗਿਆ, ਬਾਕੀ ਨਾਂ ਵੀ ਹੋਣ ਅਤੇ ਉਨ੍ਹਾਂ ਵਿੱਚੋਂ ਹੀ ਇਕ ਮੈਂਬਰ ਚੁਣਿਆ ਜਾਣਾ ਹੈ।

ਵਕੀਲਾਂ ਨੇ ਕਿਹਾ ਕਿ 2 ਮੈਂਬਰਾਂ ਦੀ ਕਮੇਟੀ ਪਿਛਲੇ 10 ਮਹੀਨਿਆਂ ਤੋਂ ਕੰਮ ਕਰ ਰਹੀ ਹੈ, ਇਸ ਲਈ ਕਿਉਂ ਨਾ ਸਿਰਫ 2 ਮੈਂਬਰ ਰਹਿ ਜਾਣ। ਕੋਰਟ ਨੇ ਕਿਹਾ ਕਿ ਇਹ 3 ਜੱਜਾਂ ਦਾ ਫੈਸਲਾ ਸੀ ਕਿ 3 ਮੈਂਬਰੀ ਐੱਸ ਆਈ ਟੀ ਹੋਵੇ। ਅੱਜ ਸਿਰਫ 2 ਜੱਜ ਹਨ, ਜਦੋਂ 3 ਜੱਜਾਂ ਦੀ ਬੈਂਚ ਬੈਠੇਗੀ ਤਾਂ ਉਸ ਵਿੱਚ ਹੀ ਇਸ ਬਾਰੇ ਸੁਣਵਾਈ ਕੀਤੀ ਜਾ ਸਕੇਗੀ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ 1984 ਵਿਚ ਪੂਰੇ ਦੇਸ਼ ਵਿਚ ਦੰਗੇ ਭੜਕ ਪਏ ਸਨ। ਦਿੱਲੀ ਵਿਚ ਜਿੱਥੇ ਸਭ ਤੋਂ ਵੱਧ ਸਿੱਖ ਮਾਰੇ ਗਏ ਅਤੇ ਇਸ ਦੀ ਅੱਗ ਕਾਨਪੁਰ ਤਕ ਪਹੁੰਚੀ ਸੀ। ਓਥੇ 127 ਸਿੱਖਾਂ ਦੀ ਹੱਤਿਆ ਹੋਈ ਸੀ। ਸੁਪਰੀਮ ਕੋਰਟ ਵਿੱਚ ਕਾਨਪੁਰ ਵਾਲੇ ਦੰਗਿਆਂ ਦੇ ਕੇਸ ਦੀ ਸੁਣਵਾਈ ਚੱਲ ਰਹੀ ਹੈ, ਜਿਸ ਦੀ ਜਾਂਚ ਐੱਸ ਆਈ ਟੀ ਤੋਂ ਕਰਾਈ ਜਾ ਰਹੀ ਹੈ। ਸਬੂਤਾਂ ਦੀ ਘਾਟ ਕਾਰਨ ਅਜੇ ਵੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕੀ। ਕਾਨਪੁਰ ਵਿਚ ਮਾਰੇ ਗਏ ਕਰੀਬ 127 ਸਿੱਖਾਂ ਵਿੱਚੋਂ 108 ਲੋਕਾਂ ਦੀ ਰਿਪੋਰਟ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਜਾ ਚੁੱਕੀ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਕੇਸ ਵਿੱਚ ਰਿਪੋਰਟ ਪੇਸ਼ ਨਹੀਂ ਕੀਤੀ। ਅੱਜ ਦੀ ਸੁਣਵਾਈ ਵਿਚ ਵੀ ਉੱਤਰ ਪ੍ਰਦੇਸ਼ ਵਲੋਂ ਬਣਾਈ ਐੱਸ ਆਈ ਟੀ ਨੇ ਕੋਈ ਰਿਪੋਰਟ ਨਹੀਂ ਦਿੱਤੀ। ਅਦਾਲਤ ਨੇ ਪਹਿਲਾਂ 3 ਮੈਂਬਰੀ ਐੱਸ ਆਈ ਟੀ ਦਾ ਮਾਮਲਾ ਅਤੇ ਕਾਨਪੁਰ ਕੇਸ ਨੂੰ ਇਕੱਠਾ ਕਰ ਦਿੱਤਾ ਸੀ। ਕਾਨਪੁਰ ਮਾਮਲੇ ਦੇ ਵਕੀਲਾਂ ਨੇ ਕਿਹਾ ਕਿ ਇਸ ਮਾਮਲੇ ਨੂੰ ਵੱਖਰਾ ਕਰ ਦਿੱਤਾ ਜਾਵੇ, ਜਿਸ ਤੋਂ ਬਾਅਦ ਅਦਾਲਤ ਨੇ ਇਸ ਮਾਮਲੇ ਨੂੰ ਵੱਖਰਾ ਕਰ ਦਿੱਤਾ ਹੈ।

# ਜਾਇਦਾਦ ਜਾਂਚ ਦੇ ਹੁਕਮ ਪੁਲਸ ਨੂੰ ਸਮਝ ਨਾ ਆਏ ਤਾਂ ਨੌਜਵਾਨ ਨੂੰ ਲੈ ਆਈ

ਜਹਾਨਾਬਾਦ, 3 ਦਸੰਬਰ (ਪੋਸਟ ਬਿਊਰੋ)- ਪੁਲਸ ਦੀ ਨਾਸਮਝੀ ਕਦੇ-ਕਦੇ ਪੂਰੇ ਮਹਿਕਮੇ ਦੀ ਸ਼ਰਮਿੰਦਗੀ ਬਣ ਜਾਂਦੀ ਹੈ। ਕੁਝ ਅਜਿਹਾ ਹੀ ਕਾਰਨਾਮਾ ਬਿਹਾਰ ਦੇ ਜਹਾਨਾਬਾਦ ਪੁਲਸ ਨੇ ਕਰ ਦਿੱਤਾ ਹੈ।

ਅਸਲ ਵਿੱਚ ਪੁਲਸ ਨੂੰ ਪਟਨਾ ਫੈਮਿਲੀ ਕੋਰਟ ਤੋਂ ਮਖਦੂਮਪੁਰ ਡੀਹ ਦੇ ਰਹਿਣ ਵਾਲੇ ਨੀਰਜ ਦੀ ਜਾਇਦਾਦ ਦੀ ਜਾਂਚ ਕਰਨ ਦਾ ਹੁਕਮ ਮਿਲਿਆ ਸੀ, ਪਰ ਪੁਲਸ ਉਸ ਹੁਕਮ ਨੂੰ ਵਾਰੰਟ ਸਮਝ ਕੇ ਨੀਰਜ ਨੂੰ ਗ੍ਰਿਫਤਾਰ ਕਰ ਕੇ ਥਾਣੇ ਦੀ ਹਾਜਤ ਵਿੱਚ ਬੰਦ ਕਰ ਦਿੱਤਾ। ਉਸ ਦੀ ਕਾਫੀ ਵਾਰ ਕਹਿਣ ਦੇ ਬਾਅਦ ਵੀ ਪੁਲਸ ਹੁਕਮ ਨੂੰ ਨਹੀਂ ਸਮਝ ਸਕੀ ਅਤੇ ਅਗਲੇ ਦਿਨ ਉਸ ਨੂੰ ਆਪਣੀ ਹਿਰਾਸਤ ਵਿੱਚ ਲੈ ਕੇ ਪਟਨਾ ਸਿਵਲ ਕੋਰਟ ਪਹੁੰਚ ਗਈ। ਇਹ ਮਾਮਲਾ 25 ਅਤੇ 26 ਨਵੰਬਰ ਦਾ ਹੈ। ਨੀਰਜ ਨੇ ਦੱਸਿਆ ਕਿ 25 ਨਵੰਬਰ ਨੂੰ ਉਹ ਆਪਣੀ ਦੁਕਾਨ 'ਤੇ ਬੈਠਾ ਸੀ। ਇਸੇ ਦੌਰਾਨ ਪੁਲਸ ਆਈ ਅਤੇ ਉਸ ਨੂੰ ਗ੍ਰਿਫਤਾਰ ਕਰ ਕੇ ਥਾਣੇ ਲੈ ਆਈ। ਉਸ ਨੇ ਆਪਣੇ ਵਕੀਲ ਨਾਲ ਵੀ ਗੱਲ ਕਰਾਈ, ਪਰ ਪੁਲਸ ਕੁਝ ਸੁਣਨ ਅਤੇ ਸਮਝਣ ਨੂੰ ਤਿਆਰ ਨਹੀਂ ਸੀ। ਅਗਲੇ ਦਿਨ ਉਸ ਨੂੰ ਪਟਨਾ ਫੈਮਿਲੀ ਕੋਰਟ ਵਿੱਚ ਪੇਸ਼ ਕੀਤਾ ਗਿਆ। ਨੀਰਜ ਨੇ ਦੱਸਿਆ ਕਿ ਉਸ ਨੂੰ ਦੇਖ ਕੇ ਜੱਜ ਨੇ ਪੁਲਸ ਨੂੰ ਕਾਫੀ ਫਿਟਕਾਰ ਲਾਈ ਅਤੇ ਉਸ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

# ਭਾਰਤ ਦੀਆਂ 323 ਨਦੀਆਂ ਦਾ ਪਾਣੀ ਪ੍ਰਦੂਸ਼ਿਤ ਹੋਣ ਦੀ ਰਿਪੋਰਟ



ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਭਾਰਤ ਦੀਆਂ ਲਗਭਗ 323 ਨਦੀਆਂ ਦਾ ਪਾਣੀ ਪੀਣਾ ਤਾਂ ਕਿਧਰੇ ਰਿਹਾ, ਨਹਾਉਣ ਦੇ ਵੀ ਲਾਇਕ ਨਹੀਂ ਰਿਹਾ। ਇਹ ਜਾਣਕਾਰੀ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਕ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਲਿਖਤੀ ਰੂਪ ਵਿੱਚ ਦਿੱਤੀ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ ਕਿਹਾ ਕਿ ਦੇਸ਼ ਦੀ ਕਰੀਬ 62 ਫੀਸਦੀ ਨਦੀਆਂ ਦਾ ਪਾਣੀ ਨਹਾਉਣ ਦੇ ਕਾਬਲ ਨਹੀਂ ਰਿਹਾ। ਇਸ ਵਿੱਚ ਗੰਗਾ, ਯਮੁਨਾ ਤੇ ਕੁਝ ਸਹਾਇਕ ਨਦੀਆਂ ਸ਼ਾਮਲ ਹਨ। ਸੀ ਪੀ ਸੀ ਬੀ ਦੀ ਰਿਪੋਰਟ ਮੁਤਾਬਕ ਜੀਵਨ ਦਾਨ ਕਹੀ ਜਾਣ ਵਾਲੀਆਂ ਇਹ ਨਦੀਆਂ ਖੁਦ ਖਤਰੇ ਵਿੱਚ ਹਨ। ਕੁੱਲ 521 ਨਦੀਆਂ ਦੇ ਪਾਣੀ ਦੀ ਮਾਨੀਟਰਿੰਗ ਕਰ ਰਹੇ ਸੀ ਪੀ ਸੀ ਬੀ ਮੁਤਾਬਕ ਦੇਸ਼ ਦੀਆਂ 198 ਨਦੀਆਂ ਸਾਫ ਹਨ। ਇਸ ਵਿੱਚ ਜ਼ਿਆਦਾ ਛੋਟੀਆਂ ਨਦੀਆਂ ਹਨ, ਪਰ ਵੱਡੀਆਂ ਨਦੀਆਂ ਦਾ ਪਾਣੀ ਖਤਰਨਾਕ ਪ੍ਰਦੂਸ਼ਣ ਦੀ ਚਪੇਟ ਵਿੱਚ ਹੈ ਜੋ 198 ਨਦੀਆਂ ਸਵੱਛ ਦੱਸੀਆਂ ਗਈਆਂ ਹਨ। ਇਸ ਵਿੱਚੋਂ ਜ਼ਿਆਦਾਤਰ ਦੱਖਣੀ-ਪੂਰਬੀ ਭਾਰਤ ਦੀਆਂ ਹਨ। ਨਦੀਆਂ ਦੀ ਸਵੱਛਤਾ ਪੱਖੋਂ ਮਹਾਰਾਸ਼ਟਰ ਦਾ ਬਹੁਤ ਬੁਰਾ ਹਾਲ ਹੈ। ਏਥੇ ਸਿਰਫ 7 ਨਦੀਆਂ ਸਾਫ ਹਨ ਤੇ 45 ਨਦੀਆਂ ਦਾ ਪਾਣੀ ਪ੍ਰਦੂਸ਼ਿਤ ਹੈ। ਗੰਗਾ ਸਫਾਈ ਲਈ ਮਿਲੇ ਡੇਢ ਹਜ਼ਾਰ ਕਰੋੜ ਖਰਚ ਹੀ ਨਹੀਂ ਹੋਏ, ਜਿਸ ਕਾਰਨ ਗੰਗਾ ਦਾ ਹਾਲ ਜਿਵੇਂ ਤਾਂ ਤਿਵੇਂ ਬਣਿਆ ਰਿਹਾ ਹੈ। ਨਦੀਆਂ ਵਿੱਚ ਵਧਦੇ ਕੱਚਰੇ ਕਾਰਨ ਇਨ੍ਹਾਂ ਵਿੱਚ ਬਾਇਓਕੈਮੀਕਲ ਆਕਸੀਜਨ ਡਿਮਾਂਡ ਵਧ ਰਹੀ ਹੈ ਅਤੇ ਆਕਸੀਜਨ ਦੀ ਖਪਤ ਕਾਫੀ ਵੱਧ ਹੋ ਰਹੀ ਹੈ। ਮਨੁੱਖੀ ਲਾਸ਼ਾਂ, ਜਾਨਵਰਾਂ ਦੀ ਲਾਸ਼ਾਂ ਤੇ ਫੁੱਲ-ਪੱਤੀਆਂ ਦਾ ਪ੍ਰਵਾਹ ਹੋਣ ਨਾਲ ਨਦੀਆਂ ਦਾ ਸੰਤੁਲਨ ਵਿਗੜਦਾ ਹੈ। ਪ੍ਰਦੂਸ਼ਣ ਦਾ ਸਭ ਤੋਂ ਵੱਡਾ ਕਾਰਨ ਨਦੀਆਂ ਦੇ ਕਿਨਾਰੇ ਵੱਸੇ ਵੱਡੇ ਸ਼ਹਿਰ ਹਨ। ਸ਼ਹਿਰਾਂ ਵਿੱਚ ਜ਼ਿਆਦਾਤਰ ਸੀਵਰੇਜ ਟ੍ਰੀਟਮੈਂਟ ਪਲਾਂਟ ਨਹੀਂ, ਜਿਸ ਕਾਰਨ ਨਦੀਆਂ ਵਿੱਚ ਰੋਜ਼ਾਨਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਇਸ ਦਾ ਸਭ ਤੋਂ ਜ਼ਿਆਦਾ ਖਤਰਾ ਪਾਣੀ ਵਿੱਚ ਰਹਿਣ ਵਾਲੇ ਜੀਵਾਂ 'ਤੇ ਮੰਡਰਾ ਰਿਹਾ ਹੈ।

# ਗੁਜਰਾਤ ਦੰਗਾ ਕੇਸ ਦੀ ਸੁਣਵਾਈ ਟਲੀ, ਪਰ ਅਜੇ ਨਰਿੰਦਰ ਮੋਦੀ ਦੀ ਖ਼ਲਾਸੀ ਨਹੀਂ ਹੋਈ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਸਾਲ 2002 ਦੇ ਗੁਜਰਾਤ ਦੰਗਿਆਂ ਦੌਰਾਨ ਰਾਜ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦਿੱਤੇ ਜਾਣ ਖਿਲਾਫ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਟਲ ਗਈ ਹੈ। ਇਸ ਦੀ ਅਗਲੀ ਸੁਣਵਾਈ ਜਨਵਰੀ ਦੇ ਤੀਜੇ ਹਫਤੇ ਹੋਵੇਗੀ। ਇਹ ਪਟੀਸ਼ਨ ਸਾਬਕਾ ਕਾਂਗਰਸ ਪਾਰਲੀਮੈਂਟ ਮੈਂਬਰ ਅਹਿਸਾਨ ਜਾਫਰੀ ਦੀ ਪਤਨੀ ਜ਼ਕੀਆ ਜਾਫਰੀ ਨੇ ਦਾਇਰ ਕੀਤੀ ਹੋਈ ਹੈ।

ਜਸਟਿਸ ਏ ਐੱਮ ਖਾਨਵਿਲਕਰ ਅਤੇ ਜਸਟਿਸ ਹੇਮੰਤ ਗੁੱਪਤਾ ਦੀ ਬੈਂਚ ਨੇ ਇਸ ਕੇਸ ਦੀ ਸੁਣਵਾਈ ਜਨਵਰੀ ਦੇ ਤੀਜੇ ਹਫਤੇ ਵਿੱਚ ਕਰਨ ਦਾ ਐਲਾਨ ਕੀਤਾ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਹਾਈ ਕੋਰਟ ਨੇ ਹੇਠਲੀ ਕੋਰਟ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ 59 ਹੋਰਾਂ ਨੂੰ ਕਲੀਨ ਚਿੱਟ ਦਿੱਤੇ ਜਾਣ ਦੇ ਫੈਸਲੇ ਨੂੰ ਕਾਇਮ ਰੱਖਦੇ ਹੋਏ 2002 ਦੇ ਗੁਲਬਰਗ ਸੋਸਾਇਟੀ ਕਤਲੇਆਮ ਕੇਸ ਵਿੱਚ ਜ਼ਕੀਆ ਜਾਫਰੀ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਜ਼ਕੀਆ ਜਾਫਰੀ ਦੀ ਪਟੀਸ਼ਨ ਨੂੰ ਦਸੰਬਰ 2013 ਵਿੱਚ ਮੈਟ੍ਰੋਪਾਲਿਟਨ ਮਜਿਸਟ੍ਰੇਟ ਦੀ ਕੋਰਟ ਅਤੇ 2017 ਵਿੱਚ ਗੁਜਰਾਤ ਹਾਈ ਕੋਰਟ ਨੇ ਠੁਕਰਾ ਦਿੱਤਾ ਸੀ। ਸੁਪਰੀਮ ਕੋਰਟ ਨੇ ਜ਼ਕੀਆ ਦੀ ਪਟੀਸ਼ਨ 13 ਨਵੰਬਰ ਨੂੰ ਮਨਜ਼ੂਰ ਕਰ ਲਈ ਸੀ। ਸੁਣਵਾਈ 19 ਨਵੰਬਰ ਨੂੰ ਤੈਅ ਹੋਈ ਅਤੇ 19 ਨਵੰਬਰ ਨੂੰ ਸਮੇਂ ਦੀ ਕਮੀ ਕਾਰਨ ਇਸ ਨੂੰ 26 ਨਵੰਬਰ ਤਕ ਟਾਲਿਆ ਗਿਆ। ਬਾਅਦ ਵਿੱਚ ਕੋਰਟ ਨੇ ਕਿਹਾ ਕਿ ਇਸ ਦੀ ਲਿਸਟਿੰਗ ਗਲਤ ਹੋਈ ਹੈ, ਇਸ 'ਤੇ 3 ਦਸੰਬਰ ਨੂੰ ਸੁਣਵਾਈ ਹੋਵੇਗੀ।

ਵਰਨਣ ਯੋਗ ਹੈ ਕਿ 27 ਫਰਵਰੀ 2002 ਨੂੰ ਗੋਧਰਾ ਵਿੱਚ ਸਾਬਰਮਤੀ ਟਰੇਨ ਦੇ ਕੋਚ ਨੂੰ ਅੱਗ ਲਾ ਦਿੱਤੀ ਗਈ ਤਾਂ ਇਸ ਵਿੱਚ 59 ਲੋਕਾਂ ਦੀ ਮੌਤ ਹੋ ਗਈ ਸੀ। ਮਾਰੇ ਗਏ ਜ਼ਿਆਦਾ ਲੋਕ ਅਯੁੱਧਿਆ ਤੋਂ ਮੁੜੇ ਕਾਰ ਸੇਵਕ ਸਨ। ਇਸ ਘਟਨਾ ਪਿੱਛੋਂ ਗੁਜਰਾਤ ਵਿੱਚ ਦੰਗੇ ਭੜਕ ਪਏ ਤੇ ਇਸ ਵਿੱਚ ਕਰੀਬ 1000 ਲੋਕਾਂ ਦੇ ਕਤਲ ਹੋਏ ਸਨ। ਗੋਧਰਾ ਕਾਂਡ ਦੇ ਅਗਲੇ ਦਿਨ 28 ਫਰਵਰੀ 2002 ਨੂੰ ਅਹਿਮਦਾਬਾਦ ਦੀ ਗੁਲਬਰਗ ਸੋਸਾਇਟੀ ਵਿੱਚ ਦੰਗਾਈਆਂ ਨੇ ਕਾਂ-ਗਰਸ ਐੱਮ ਪੀ ਅਹਿਸਾਨ ਜਾਫਰੀ ਸਮੇਤ 69 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਦੇ ਬਾਅਦ ਸੋਸਾਇਟੀ ਤੋਂ 39 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਸਨ ਅਤੇ ਉਹ ਮਾਮਲਾ ਅਜੇ ਤੱਕ ਚੱਲ ਰਿਹਾ ਹੈ।

# ਚੀਨ ਇੰਪੋਰਟ ਤਾਂ ਵਧਾਏਗਾ, ਪਰ ਭਾਰਤੀ ਰੁਪਏ ਤੋਂ ਪਰਹੇਜ਼ ਹੈ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਅਮਰੀਕਾ ਨਾਲ ਚੱਲਦੀ 'ਟ੍ਰੇਡ ਵਾਰ' ਦੌਰਾਨ ਚੀਨ ਨੇ ਕਿਹਾ ਕਿ ਉਹ ਭਾਰਤ ਤੋਂ ਵੱਧ ਇੰਪੋਰਟ ਕਰਨ ਲਈ ਤਿਆਰ ਹੈ। ਇਸ ਬਾਰੇ ਉਹ ਪਹਿਲਾਂ ਹੀ ਕਈ ਕਦਮ ਉਠਾ ਚੁੱਕਿਆ ਹੈ। ਪਿਛਲੇ ਕੁਝ ਮਹੀਨਿਆਂ 'ਚ ਚੌਲ ਤੇ ਹੋਰ ਖੇਤੀ ਉਤਪਾਦਾਂ ਤੋਂ ਬਾਅਦ ਚੀਨ ਨੇ ਭਾਰਤ ਤੋਂ ਸੋਇਆਬੀਨ ਤੇ ਸਰ੍ਹੋਂ ਦੀ ਵੀ ਇੰਪੋਰਟ ਸ਼ੁਰੂ ਕਰਨ ਦਾ ਮਨ ਬਣਾਇਆ ਹੈ, ਜਿਸ ਲਈ ਗੱਲਬਾਤ ਚੱਲ ਰਹੀ ਹੈ।

ਇਸ ਗੱਲ ਦੀ ਜਾਣਕਾਰੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪਿਛਲੇ ਸ਼ੁੱਕਰਵਾਰ ਨੂੰ ਬਿਊਨਸ ਆਇਰਸ 'ਚ ਹੋਈ ਦੁਵੱਲੀ ਗੱਲਬਾਤ ਦੌਰਾਨ ਦਿੱਤੀ ਹੈ। ਭਾਰਤ ਤੋਂ ਇੰਪੋਰਟ ਵਧਾਉਣ ਨੂੰ ਚੀਨ ਤਿਆਰ ਹੈ, ਪਰ ਉਸ ਨੇ ਭਾਰਤੀ ਰੁਪਏ 'ਚ ਦੁਵੱਲੇ ਕਾਰੋਬਾਰ ਕਰਨ ਦੀ ਤਜਵੀਜ਼ ਨੂੰ ਸਿਰੇ ਤੋਂ ਠੁਕਰਾ ਦਿੱਤਾ ਹੈ। ਮੋਦੀ ਅਤੇ ਜਿਨਪਿੰਗ ਵਿਚਕਾਰ ਜੀ-20 ਸਿਖਰ ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਦੁਵੱਲੀ ਗੱਲਬਾਤ ਹੋਈ ਸੀ। ਇਸ 'ਚ ਜਿਨਪਿੰਗ ਨੇ ਮੋਦੀ ਨੂੰ ਦੱਸਿਆ ਕਿ ਚੀਨ ਭਾਰਤ ਤੋਂ ਸੋਇਆਬੀਨ ਅਤੇ ਸਰ੍ਹੋਂ ਸਮੇਤ ਕੁਝ ਹੋਰ ਤਿਲਹਨ ਉਤਪਾਦਾਂ ਦੀ ਇੰਪੋਰਟ ਵਧਾਉਣ ਲਈ ਤਿਆਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸਾਲ ਅਪ੍ਰੈਲ ਵਿੱਚ ਵੂਹਾਨ 'ਚ ਮੋਦੀ ਅਤੇ ਜਿਨਪਿੰਗ ਦੀ ਬੈਠਕ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਵਣਜ ਮੰਤਰਾਲਿਆਂ ਦੇ ਅਧਿਕਾਰੀਆਂ 'ਚ ਦੋ ਦੌਰ ਦੀ ਗੱਲਬਾਤ ਹੋ ਚੁੱਕੀ ਹੈ। ਇਸ 'ਚ ਭਾਰਤ ਤੋਂ ਤਿਲਹਨ ਉਤਪਾਦਾਂ ਦੀ ਇੰਪੋਰਟ ਦਾ ਮੁੱਦਾ ਕਈ ਵਾਰ ਉਠਿਆ ਹੈ। ਅਸਲ 'ਚ ਅਮਰੀਕਾ ਨਾਲ ਚੱਲ ਰਹੀ ਟ੍ਰੇਡ ਵਾਰ ਕਾਰਨ ਚੀਨ ਨੇ ਉਥੋਂ ਇੰਪੋਰਟ ਸੋਇਆਬੀਨ ਤੇ ਹੋਰ ਤਿਲਹਨ ਉਤਪਾਦਾਂ 'ਤੇ ਭਾਰੀ ਡਿਊਟੀ ਲਗਾ ਦਿੱਤੀ ਹੈ।

# 25 ਲੱਖ ਨਾ ਦਿੱਤੇ ਤਾਂ ਆਪ ਨੇਤਾ ਨੇ ਨੌਜਵਾਨ ਬੁਰੀ ਤਰ੍ਹਾਂ ਕੁੱਟਿਆ

ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਕਿਰਾੜੀ ਵਿਧਾਨ ਸਭਾ ਹਲਕੇ ਤੋਂ ਇੱਕ ਨੌਜਵਾਨ ਨੂੰ ਕੁੱਟਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕੱਲ੍ਹ ਵਾਇਰਲ ਹੁੰਦੀ ਰਹੀ ਹੈ। ਇਸ ਵਿੱਚ ਆਮ ਆਦਮੀ ਪਾਰਟੀ ਦੇ ਇੱਕ ਨੇਤਾ ਸੌਰਵ ਝਾਅ ਇੱਕ ਨੌਜਵਾਨਾ ਨੂੰ ਬੁਰੀ ਤਰ੍ਹਾਂ ਕੁੱਟਦੇ ਨਜ਼ਰ ਆ ਰਹੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੁਲਸ ਮੌਕੇ 'ਤੇ ਸੀ, ਪਰ ਨੌਜਵਾਨ ਨੂੰ ਬਚਾਉਣ ਲਈ ਕੋਸ਼ਿਸ਼ ਨਹੀਂ ਕੀਤੀ। ਉਕਤ ਵੀਡੀਓ 14 ਨਵੰਬਰ ਵਾਲੇ ਦਿਨ ਛਠ ਪੂਜਾ ਦੀ ਹੈ।

ਕੁੱਟੇ ਗਏ ਨੌਜਵਾਨ ਵਿਕਾਸ 'ਤੇ ਦੋਸ਼ ਹੈ ਕਿ ਉਸ ਨੇ ਕੁਝ ਮੁੰਡਿਆਂ ਨਾਲ ਮਿਲ ਕੇ ਮੁਹੱਲੇ ਦੀਆਂ ਕੁਝ ਔਰਤਾਂ ਨਾਲ ਬਦਸਲੂਕੀ ਕੀਤੀ ਸੀ। ਇਸ 'ਤੇ ਭੜਕੇ ਲੋਕਾਂ ਅਤੇ ਸੌਰਵ ਨੇ ਉਕਤ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ। ਸੌਰਵ ਆਪ ਵਿੱਚ ਪੁਰਵਾਂਚਲ ਮੋਰਚੇ ਦਾ ਜੁਆਇੰਟ ਸਕੱਤਰ ਅਤੇ ਕਿਰਾੜੀ ਤੋਂ ਪਾਰਟੀ ਦੇ ਵਿਧਾਇਕ ਦਾ ਪ੍ਰਤੀਨਿਧੀ ਹੈ। ਜਿਸ ਡੰਡੇ ਨਾਲ ਨੌਜਵਾਨ ਨੂੰ ਕੁੱਟਿਆ ਗਿਆ, ਉਹ ਪੁਲਸ ਦਾ ਦੱਸਿਆ ਜਾਂਦਾ ਹੈ। ਪੀੜਤ ਨੌਜਵਾਨ ਵਿਕਾਸ ਨੇ ਇਸ ਸੰਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਾਈ ਹੈ। ਵਿਕਾਸ ਤੇ ਉਸ ਦੇ ਭਰਾ 'ਤੇ ਕਈ ਅਪਰਾਧਕ ਮਾਮਲੇ ਦਰਜ ਹਨ। ਭਰਾ 'ਤੇ ਦੋ ਸਾਲ ਪਹਿਲਾਂ ਗੈਂਗਰੇਪ ਦਾ ਮਾਮਲਾ ਦਰਜ ਹੋਇਆ ਸੀ। ਵਿਕਾਸ ਦੀ ਮਾਂ ਮੁਤਾਬਕ ਸੌਰਵ ਨੇ ਸਾਰੇ ਮਾਮਲੇ ਰਫਾ-ਦਫਾ ਕਰਨ ਲਈ 25 ਲੱਖ ਰੁਪਏ ਮੰਗੇ ਸਨ। ਜਦੋਂ ਮਾਂ ਨੇ ਇਹ ਪੈਸੇ ਦੇਣ ਤੋਂ ਨਾਂਹ ਕੀਤੀ ਤਾਂ ਸੌਰਵ ਨੇ ਵਿਕਾਸ ਨੂੰ ਕੁੱਟ ਦਿੱਤਾ।


• Insurance •

Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor

416.452.7373
harpinderkaur@punjabinsurance.ca
www.punjabinsurance.ca



ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਊਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।





BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9




ਪਾਕਿ ਵਿਦੇਸ਼ ਮੰਤਰੀ ਬੋਲਿਆ

# ਮੇਰੀ ਟਿੱਪਣੀ ਸਿੱਖ ਭਾਵਨਾਵਾਂ ਨਾਲ ਜੋੜਨੀ ਗਲਤ

ਇਸਲਾਮਾਬਾਦ, 3 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਪਣੀ ਵਿਵਾਦ ਵਾਲੀ 'ਗੁਗਲੀ' ਟਿੱਪਣੀ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਟਿੱਪਣੀ ਨੂੰ 'ਸਿੱਖ ਭਾਵਨਾਵਾਂ' ਨਾਲ ਜੋੜਨਾ ਗਲਤ ਹੈ। ਬੀਤੇ ਦਿਨੀਂ ਕੁਰੈਸ਼ੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਕਰਤਾਰਪੁਰ ਲਾਂਗੇ ਲਈ ਰੱਖੇ ਨੀਂਹ ਪੱਥਰ ਸਮਾਗਮ ਦੌਰਾਨ ਭਾਰਤ ਸਰਕਾਰ ਦੀ ਮੌਜੂਦਗੀ ਯਕੀਨੀ ਬਣਾਉਣ ਲਈ 'ਗੁਗਲੀ' ਸੁੱਟੀ ਸੀ।

ਕੁਰੈਸ਼ੀ ਵੱਲੋਂ ਕੀਤੀਆਂ ਟਿੱਪਣੀਆਂ ਦੀ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਜ਼ੋਰਦਾਰ ਨਿਖੇਧੀ ਕੀਤੀ ਸੀ। ਉਨ੍ਹਾਂ ਨੇ ਪਾਕਿਸਤਾਨੀ ਵਿਦੇਸ਼ ਮੰਤਰੀ 'ਤੇ ਵਰ੍ਹਦਿਆਂ ਕਿਹਾ ਸੀ ਕਿ ਉਨ੍ਹਾਂ ਦੀਆਂ ਟਿੱਪਣੀਆਂ ਨੇ ਉਨ੍ਹਾਂ ਦੀ ਪੋਲ ਖੋਲ੍ਹ ਦਿੱਤੀ ਹੈ ਅਤੇ ਪਾਕਿ-ਸਤਾਨ ਨੂੰ ਸਿੱਖ ਭਾਵਨਾਵਾਂ ਪ੍ਰਤੀ



ਕੋਈ ਸਤਿਕਾਰ ਨਹੀਂ ਹੈ।' ਕੁਰੈਸ਼ੀ ਨੇ ਟਵਿੱਟਰ 'ਤੇ ਇਸ ਨਿਖੇਧੀ ਪ੍ਰਤੀ ਆਪਣੀ ਪ੍ਰਤੀਕਿਰਿਆ ਦੇਂਦਿਆਂ ਕਿਹਾ, 'ਮੇਰੀਆਂ ਟਿੱਪਣੀਆਂ ਨੂੰ ਸਿੱਖ ਭਾਵਨਾਵਾਂ ਨਾਲ ਜੋੜਨਾ ਇਨ੍ਹਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਅਤੇ ਗੁੰਮਰਾਹ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਮੈਂ ਜੋ ਵੀ ਕਿਹਾ, ਉਸ ਦਾ ਸਬੰਧ ਸਿਰਫ ਭਾਰਤ ਸਰਕਾਰ ਨਾਲ ਦੁਵੱਲੀ ਗੱਲਬਾਤ ਨਾਲ ਸੀ। ਅਸੀਂ ਸਿੱਖ ਭਾਵਨਾਵਾਂ ਦਾ ਦਿਲੋਂ ਸਤਿਕਾਰ ਕਰਦੇ ਹਾਂ ਅਤੇ ਕਿਸੇ ਵੀ ਤਰ੍ਹਾਂ ਇਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਜਾਂ ਵਿਵਾਦ ਪੈਦਾ ਕਰਨ ਨਾਲ ਬਦਲਿਆ ਨਹੀਂ ਜਾ ਸਕਦਾ।' ਉਨ੍ਹਾਂ ਟਵੀਟ ਕੀਤਾ, 'ਸਾਡੇ ਸਿੱਖ ਭਰਾਵਾਂ ਦੀਆਂ ਇੱਛਾਵਾਂ ਪ੍ਰਤੀ ਸਤਿਕਾਰ ਵਜੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫੈਸਲਾ ਲਿਆ ਸੀ। ਅਸੀਂ ਨੇਕ ਭਾਵਨਾ ਨਾਲ ਇਤਿਹਾਸਕ ਕਦਮ ਚੁੱਕਿਆ ਸੀ ਤੇ ਅਸੀਂ ਇਸ ਨੂੰ ਚੰਗੀ ਭਾਵਨਾ ਨਾਲ ਅੱਗੇ ਲਿਜਾਵਾਂਗੇ।'

# ਆਸਟਰੇਲੀਆ ਦੀ ਨਵੀਂ ਵੀਜ਼ਾ ਨੀਤੀ ਤੋਂ ਪਰਵਾਸੀ ਲੋਕ ਔਖੇ

ਬ੍ਰਿਸਬੇਨ, 3 ਦਸੰਬਰ (ਪੋਸਟ ਬਿਊਰੋ)- ਆਸਟਰੇਲੀਆਈ ਸਰਕਾਰ ਵੱਲੋਂ ਆਏ ਦਿਨ ਵੀਜ਼ਾ ਤਬਦੀਲੀਆਂ ਤੋਂ ਬਾਅਦ ਹੁਣ ਨਵੀਂ ਵੀਜ਼ਾ ਨੀਤੀ ਕਾਰਨ ਪਰਵਾਸੀਆਂ ਨੂੰ ਆਪਣੇ ਮਾਂ ਬਾਪ ਨੂੰ ਇਥੇ ਬੁਲਾਉਣ ਲਈ ਜੇਬ ਜ਼ਿਆਦਾ ਢਿੱਲੀ ਕਰਨੀ ਪਵੇਗੀ। ਨਵਾਂ ਬਿੱਲ ਹੇਠਲੇ ਸਦਨ ਵਿੱਚ ਪਾਸ ਹੋ ਚੁੱਕਾ ਹੈ ਤੇ ਅਗਲੇ ਸਾਲ 2019 ਤੋਂ ਅਮਲ ਵਿੱਚ ਆ ਜਾਵੇਗਾ। ਇਸ ਤਹਿਤ ਇਮੀਗ੍ਰੇਸ਼ਨ ਵਿਭਾਗ ਨੇ ਦਰਖਾਸਤਾਂ ਲੈਣ ਲਈ ਕਮਰਕੱਸੇ ਕਰ ਲਏ ਹਨ।



ਇਸ ਨਵੀਂ ਪਰਵਾਸੀ ਨੀਤੀ ਦਾ ਸਮੂਹ ਪਰਵਾਸੀ ਭਾਈਚਾਰਿਆਂ, ਖਾਸ ਕਰਕੇ ਪੰਜਾਬੀ ਪਰਵਾਸੀ ਪਰਵਾਰਾਂ ਵੱਲੋਂ ਸਖਤ ਵਿਰੋਧ ਕੀਤਾ ਜਾ ਰਿਹਾ ਹੈ। ਸਰਕਾਰ ਦੀ ਇਸ ਨੀਤੀ ਅਨੁਸ-ਾਰ ਜੇ ਕਿਸੇ ਨੇ ਮਾਂ ਬਾਪ ਨੂੰ ਆਸਟਰੇਲੀਆ ਵਿੱਚ ਲੰਮੇ ਸਮੇਂ ਲਈ ਠਹਿਰਾਉਣਾ ਹੈ ਤਾਂ ਉਨ੍ਹਾਂ ਨੂੰ ਅਰਜ਼ੀ ਵਿੱਚ ਤਿੰਨ ਸਾਲ ਦੇ ਵੀਜ਼ੇ ਲਈ 5000 ਡਾਲਰ ਅਤੇ ਪੰਜ ਸਾਲ ਲਈ 10,000 ਡਾਲਰ ਜਮ੍ਹਾਂ ਕਰਾਉਣਾ ਲਾਜ਼ਮੀ ਹੈ। ਇਸ ਵੀਜ਼ੇ ਅਧੀਨ ਬਿਨੈਕਾਰ ਮਿੱਥੇ ਸਮੇਂ ਮੁਤਾਬਕ ਰਹਿ ਸਕਦਾ ਹੈ ਤੇ ਵੀਜ਼ੇ ਨੂੰ ਦੁਬਾਰਾ ਵਧਾ ਸਕਦਾ ਹੈ, ਪਰ ਫੀਸ ਦੀ ਨਵੀਂ ਅਦਾਇਗੀ ਨਾਲ। ਸਰਕਾਰ ਦੀ ਇਹ ਨਵੀਂ ਪਰਵਾਸੀ ਨੀਤੀ ਪਰਵਾਸੀ ਪਰਵਾਰਾਂ ਲਈ ਵੱਡਾ ਆਰਥਿਕ ਬੋਝ ਲੈ ਕੇ ਆਈ ਹੈ, ਕਿਉਂਕਿ ਇਹ ਨਵੀਂ ਨੀਤੀ ਟੂਰਿਸਟ ਵਾਲੇ ਵੀਜ਼ੇ ਨਾਲ ਸਬੰਧਤ ਹੈ, ਜਿਸ ਤਹਿਤ ਬਿਨੈਕਾਰ ਨੂੰ ਕੋਈ ਹੋਰ ਸਹੂਲਤ ਨਹੀਂ ਹੋਵੇਗੀ ਅਤੇ ਨਾ ਹੀ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇਗੀ। ਵਿਰੋਧੀ ਪਾਰਟੀਆਂ ਵੱਲੋਂ ਮੌਜੂਦਾ ਸਰਕਾਰ ਦੇ ਇਸ ਫੈਸਲੇ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਗਿਆ ਹੈ ਕਿ ਸਰਕਾਰ ਪਰਵਾਸੀ ਪਰਵਾਰਾਂ ਨੂੰ ਇਕਜੁਟ ਕਰਨ ਵਿੱਚ ਅਸਫਲ ਰਹੀ ਹੈ ਤੇ ਉਹ ਪਰਵਾਸੀ ਪਰਵਾਰਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ।

## ਪ੍ਰਿੰਸ ਹੈਰੀ ਅਤੇ ਮੇਗਨ ਅੱਗੇ ਤੋਂ ਕੁਈਨ ਵਿਕਟੋਰੀਆ ਦੇ ਭਾਰਤੀ ਮੁਨਸ਼ੀ ਦੇ ਪੁਰਾਤਨ ਘਰ ਵਿੱਚ ਰਹਿਣਗੇ



ਲੰਡਨ, 3 ਦਸੰਬਰ (ਪੋਸਟ ਬਿਊਰੋ)- ਮਹਾਰਾਣੀ ਵਿਕਟੋਰੀਆ ਦੇ ਭਾਰਤੀ ਮੂਲ ਦੇ ਮੁਨਸ਼ੀ ਅਬਦੁੱਲ ਕਰੀਮ ਦੇ ਪੁਰਾਤਨ ਘਰ ਵਿੱਚ ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ ਰਹਿਣਗੇ। 20 ਜੂਨ 1887 'ਚ ਮਹਾਰਾਣੀ ਵਿਕਟੋਰੀਆ ਨੇ ਸ਼ਾਸਨ ਕਾਲ ਦੀ 50ਵੀਂ ਵਰ੍ਹੇਗੰਢ ਮੌਕੇ ਇਹ ਘਰ ਅਬਦੁੱਲ ਕਰੀਮ ਨੂੰ ਤੋਹਫੇ 'ਚ ਦਿੱਤਾ ਸੀ।

ਵਰਣਨ ਯੋਗ ਹੈ ਕਿ ਵਿੰਡਸਰ ਵਿੱਚ ਇਹ ਘਰ, ਜਿਸ ਦਾ ਨਾਂਅ ਫ੍ਰੋਗਮੋਰ ਕਾਟੇਜ਼ ਹੈ, ਅੱਜ ਕੱਲ੍ਹ ਬ੍ਰਿਟਿਸ਼ ਕੁਈਨ ਐਲਿਜ਼ਾਬੈਥ ਦੀ ਮਾਲਕੀ ਹੈ। ਮਹਾਰਾਣੀ ਐਲਿਜ਼ਾਬੈਥ ਨੇ ਇਸ ਘਰ ਨੂੰ ਆਪਣੇ ਪੋਤੇ ਪ੍ਰਿੰਸ ਹੈਰੀ ਨੂੰ ਤੋਹਫੇ ਦੇ ਰੂਪ ਵਿੱਚ ਦਿੱਤਾ ਹੈ। ਅਬਦੁੱਲ ਕਰੀਮ 24 ਸਾਲ ਦੀ ਉਮਰ 'ਚ ਆਗਰਾ ਤੋਂ ਲੰਡਨ ਗਿਆ ਸੀ। ਉਹ ਮਹਾਰਾਣੀ ਵਿਕਟੋਰੀਆ ਦੇ ਸਭ ਤੋਂ ਨੇੜਲੇ ਵਿਸ਼ਵਾਸ਼ ਪਾਤਰਾਂ 'ਚੋਂ ਇਕ ਸੀ, ਜਿਸ ਨੂੰ ਮਹਾਰਾਣੀ ਮੁਨਸ਼ੀ ਕਿਹਾ ਕਰਦੀ ਸੀ ਤੇ ਉਸ ਤੋਂ ਉਰਦੂ ਸਿੱਖਦੀ ਸੀ। ਮਹਾਰਾਣੀ ਅਕਸਰ ਹੀ ਇਸ ਘਰ 'ਚ ਮੁਨਸ਼ੀ ਅਤੇ ਉਸ ਦੀ ਪਤਨੀ ਨਾਲ ਚਾਹ ਨਾਸ਼ਤਾ ਕਰਿਆ ਕਰਦੀ ਸੀ। ਇਹੀ ਨਹੀਂ, ਮਹਾਰਾਣੀ ਵਿਕਟੋਰੀਆ ਅਤੇ ਅਬਦੁੱਲ ਕਰੀਮ ਦੇ ਰਿਸ਼ਤੇ ਬਾਰੇ ਇਕ ਫਿਲਮ ਵੀ ਬਣੀ ਸੀ, ਜਿਸ ਨੇ ਅਕੈਡਮੀ ਐਵਾਰਡ ਜਿੱਤਿਆ ਸੀ। ਦੱਸਣ ਯੋਗ ਹੈ ਕਿ ਪ੍ਰਿੰਸ ਹੈਰੀ ਆਪਣੀ ਪਤਨੀ ਮੇਗਨ ਮਾਰਕਲ ਨਾਲ ਅਗਲੇ ਵਰ੍ਹੇ ਦੇ ਸ਼ੁਰੂ 'ਚ ਇਸ ਨਵੇਂ ਘਰ 'ਚ ਰਹਿਣਾ ਸ਼ੁਰੂ ਕਰਨਗੇ।

## ਇਟਲੀ ਵਿੱਚ ਪੰਜਾਬੀ ਨੌਜਵਾਨ ਲਾਪਤਾ

ਮਿਲਾਨ (ਇਟਲੀ, 3 ਦਸੰਬਰ (ਪੋਸਟ ਬਿਊਰੋ)- ਇਟਲੀ 'ਚ ਕਾਨੂੰਨ ਲਚਕੀਲਾ ਹੋਣ ਕਾਰਨ ਬਹੁਤੇ ਪੰਜਾਬੀ ਹਰ ਰੋਜ਼ ਆਪਣੀ ਕਿਸਮਤ ਨੂੰ ਅਜਮਾਉਣ ਲੱਖਾਂ ਰੁਪਏ ਕਰਜ਼ਾ ਚੁੱਕ ਇਟਲੀ ਦੀ ਧਰਤੀ ਉਪਰ ਸਿੱਧੇ ਅਤੇ ਅਸਿੱਧੇ ਢੰਗ ਨਾਲ ਪਹੁੰਚ ਰਹੇ ਹਨ, ਪਰ ਇਥੇ ਆ ਕੇ ਕਾਮਯਾਬ ਹੋਣਾ ਹਰ ਇਕ ਨੌਜਵਾਨ ਦੇ ਵਸ ਦਾ ਕੰਮ ਨਹੀਂ। ਇਸ ਬੇਰੁਜ਼ਗਾਰੀ ਦੇ ਚੱਲਦਿਆਂ ਹੀ ਇਕ ਪੰਜਾਬੀ ਨੌਜਵਾਨ ਦੇ ਲਾਪਤਾ ਹਣ ਦੀ ਖਬਰ ਹੈ। ਗੁਰਮੇਲ ਰਾਮ ਨੇ ਦੱਸਿਆ ਕਿ ਉਹ ਤੇ ਉਸ ਦਾ ਭਰਾ ਬਲਜਿੰਦਰ ਕੁਮਾਰ (40) ਪਿਛਲੇ ਕਰੀਬ ਇਕ ਦਹਾਕੇ ਤੋਂ ਇਟਲੀ ਦੇ ਬੈਰਗਾਮੋ ਇਲਾਕੇ 'ਚ ਰਹਿ ਰਹੇ ਹਨ, ਪਰ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਬਲਜਿੰਦਰ ਕੁਮਾਰ ਬੇਰੁਜ਼ਗਾਰ ਸੀ ਤੇ ਉਸ ਨੇ ਕੰਮ ਲਈ ਨੱਠ ਭੱਜ ਕੀਤੀ, ਪਰ ਕੋਈ ਰੁਜ਼ਗਾਰ ਨਹੀਂ ਮਿਲਿਆ, ਜਿਸ ਕਾਰਨ ਬਲਜਿੰਦਰ ਕੁਮਾਰ ਦਿਮਾਗੀ ਤੌਰ 'ਤੇ ਕਾਫੀ ਪ੍ਰੇਸ਼ਾਨ ਰਹਿਣ ਲੱਗਾ ਤੇ 28 ਨਵੰਬਰ ਨੂੰ ਬਿਨਾਂ ਕੁਝ ਦੱਸੇ ਸਾਈਕਲ ਲੈ ਕੇ ਘਰੋਂ ਚਲਾ ਗਿਆ ਤੇ ਹੁਣ ਤੱਕ ਵਾਪਸ ਨਹੀਂ ਮੁੜਿਆ। ਉਹ ਜਾਣ ਤੋਂ ਪਹਿਲਾਂ ਆਪਣੇ ਪੇਪਰ ਅਤੇ ਮੋਬਾਈਲ ਫੋਨ ਘਰ ਛੱਡ ਗਿਆ ਜਿਸ ਕਾਰਨ ਹੁਣ ਉਸ ਨਾਲ ਕੋਈ ਵੀ ਸੰਪਰਕ ਨਹੀਂ ਹੋ ਰਿਹਾ। ਗੁਰਮੇਲ ਰਾਮ ਨੇ ਬਲਜਿੰਦਰ ਕੁਮਾਰ ਦੀ ਕਾਫੀ ਭਾਲ ਕੀਤੀ, ਪਰ ਉਸ ਦੀ ਕਿਸੇ ਪਾਸੇ ਤੋਂ ਵੀ ਕੋਈ ਉਗ ਸੁੱਗ ਨਹੀਂ ਮਿਲੀ।

# ਪਾਕਿ ਮੰਤਰੀ ਕਹਿੰਦੈ; ਟਰੰਪ ਨੇ ਅਫ਼ਗਾਨ ਸ਼ਾਂਤੀ ਵਾਰਤਾ ਦੇ ਲਈ ਸਾਥੋਂ ਮਦਦ ਮੰਗੀ ਹੈ


ਇਸਲਾਮਾਬਾਦ, 3 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਅੱਜ ਸੋਮਵਾਰ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਇਕ ਪੱਤਰ ਲਿਖ ਕੇ ਇਸ ਵਿੱਚ ਉਨ੍ਹਾਂ ਨੇ ਪਾਕਿਸਤਾਨ ਤੋਂ ਅਫ਼ਗਾਨ ਸ਼ਾਂਤੀ ਵਾਰਤਾ ਵਿੱਚ ਮਦਦ ਮੰਗੀ ਹੈ। ਅਫ਼ਗਾਨਿਸਤਾਨ ਵਿੱਚ ਪਿਛਲੇ 17 ਸਾਲਾਂ ਤੋਂ ਸੁਰੱਖਿਆ ਦਸਤਿਆਂ ਤੇ ਤਾਲਿਬਾਨ ਵਿਚਾਲੇ ਲੜਾਈ ਚੱਲ ਰਹੀ ਹੈ। ਅਮਰੀਕੀ ਰਾਸ਼ਟਰਪਤੀ ਇਸ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਇਸੇ ਕੋਸ਼ਿਸ਼ ਵਿੱਚ ਅਮਰੀਕੀ ਅਧਿਕਾਰੀ ਪਾਕਿਸਤਾਨ 'ਤੇ ਲੰਬੇ



ਸਮੇਂ ਤੋਂ ਦਬਾਅ ਬਣਾ ਰਹੇ ਹਨ ਕਿ ਉਹ ਤਾਲਿਬਾਨ ਲੀਡਰਸ਼ਿਪ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਵਿੱਚ ਮਦਦ ਕਰੇ। ਅਮਰੀਕਾ ਦੀ ਸੋਚ ਹੈ ਕਿ ਤਾਲਿਬਾਨ ਲੀਡਰਸ਼ਿਪ ਨੇ ਅਫਗਾਨਿਸਤਾਨ ਦੀ ਸਰਹੱਦ ਨਾਲ ਦੇ ਪਾਕਿਸਤਾਨੀ ਖੇਤਰ ਵਿੱਚ ਆਪਣਾ ਅੱਡਾ ਬਣਾ ਰੱਖਿਆ ਹੈ। ਚੌਧਰੀ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਪੱਤਰ ਵਿੱਚ ਤਾਲਿਬਾਨ ਨੂੰ ਗੱਲਬਾਤ ਦੀ ਟੇਬਲ 'ਤੇ ਲਿਆਉਣ ਵਿੱਚ ਪਾਕਿਸਤਾਨ ਦੀ ਮਦਦ ਮੰਗੀ ਅਤੇ ਕਿਹਾ ਹੈ ਕਿ ਪਾਕਿਸਤਾਨ ਅਤੇ ਅਮਰੀਕਾ ਦੇ ਸਬੰਧ ਅਫ਼ਗਾਨ ਸੰਘਰਸ਼ ਦਾ ਹੱਲ ਲੱਭਣ ਦੇ ਲਿਹਾਜ਼ ਨਾਲ ਬਹੁਤ ਮਹੱਤਵ ਪੂਰਣ ਹਨ। ਚੌਧਰੀ ਦਾ ਇਹ ਬਿਆਨ ਅੱਤਵਾਦ ਦੇ ਮੁੱਦੇ ਬਾਰੇ ਪਾਕਿਸਤਾਨ ਪ੍ਰਤੀ ਅਮਰੀਕਾ ਦੇ ਸਖ਼ਤ ਰੁਖ਼ ਦੌਰਾਨ ਆਇਆ ਹੈ। ਟਰੰਪ ਨੇ ਪਿੱਛੇ ਜਿਹੇ ਕਿਹਾ ਸੀ ਕਿ ਅਰਬਾਂ ਡਾਲਰ ਦੀ ਮਦਦ ਲੈਣ ਪਿੱਛੋਂ ਵੀ ਪਾਕਿਸਤਾਨ ਨੇ ਅਮਰੀਕਾ ਲਈ ਕੁਝ ਨਹੀਂ ਕੀਤਾ।

## ਨਿਊਜ਼ੀਲੈਂਡ ਦੇ ਸਿੱਖਾਂ ਨੂੰ ਦੋ ਹਫਤੇ ਵਿੱਚ ਪਾਕਿ ਵੀਜ਼ਾ ਜਾਰੀ ਕਰਨ ਦਾ ਭਰੋਸਾ

ਆਕਲੈਂਡ, 3 ਦਸੰਬਰ (ਪੋਸਟ ਬਿਊਰੋ)- ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਵੱਲੋਂ ਵਧਾਏ ਗਏ ਕਦਮ ਤੋਂ ਬਾਅਦ ਕੱਲ੍ਹ ਪਾਕਿਸਤਾਨ ਦੇ ਹਾਈ ਕਮਿਸ਼ਨਰ ਡਾ. ਅਬਦੁਲ ਮਲਿਕ ਗੁਰ-ਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨਿਨੀ ਪੁੱਜੇ। ਇਸ ਦੌਰਾਨ ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪਾਕਿਸਤਾਨ ਸਰਕਾਰ ਦੇ ਬਣਾਏ ਨਵੇਂ ਨਿਯਮਾਂ ਨਾਲ ਇਥੋਂ ਦੀ ਸਿੱਖ ਸੰਗਤ ਨੂੰ ਦੋ ਹਫਤੇ ਵਿੱਚ ਵੀਜ਼ਾ ਮਿਲ ਜਾਇਆ ਕਰੇਗਾ।



ਡਾ. ਮਲਿਕ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਤਾਰਪੁਰ ਲਾਂਘੇ ਦੀ ਉਨ੍ਹਾਂ ਨੂੰ ਵੀ ਬੜੀ ਖੁਸ਼ੀ ਹੋਈ ਹੈ ਤੇ ਉਹ ਇਹ ਖੁਸ਼ੀ ਸਿੱਖ ਭੈਣ ਭਰਾਵਾਂ ਨਾਲ ਸਾਂਝੀ ਕਰਨ ਆਏ ਹਨ। ਉਨ੍ਹਾਂ ਵੀਜ਼ੇ ਬਾਰੇ ਕਿਹਾ ਕਿ ਨਿਊਜ਼ੀਲੈਂਡ ਤੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਵਿਧੀ ਸਰਲ ਬਣਾਉਣ ਲਈ ਪਾਕਿਸਤਾਨ ਦੀ ਸਰਕਾਰ ਨੇ ਕੁਝ ਕਦਮ ਚੁੱਕੇ ਹਨ, ਜਿਸ ਅਨੁਸਾਰ ਜੋ ਵੀ ਨਿਊਜ਼ੀਲੈਂਡ ਦਾ ਸਿਟੀਜ਼ਨ ਸਿੱਖ ਪਾਕਿਸਤਾਨ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੋਂ ਸੱਦਾ ਪੱਤਰ ਮੰਗਵਾ ਕੇ ਪਾਕਿਸਤਾਨ ਹਾਈ ਕਮਿਸ਼ਨ ਕੋਲ ਵੀਜ਼ੇ ਲਈ ਅਪਲਾਈ ਕਰੇਗਾ, ਉਸ ਦੀ ਦਰਖਾਸਤ ਪਾਕਿਸਤਾਨ ਭੇਜਣ ਤੋਂ ਬਾਅਦ ਦੋ ਕੁ ਹਫਤਿਆਂ ਵਿੱਚ ਵੀਜ਼ਾ ਜਾਰੀ ਹੋ ਜਾਵੇਗਾ। ਹਾਈ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਵਿੱਚ ਵੀ ਸ਼ਰਧਾਲੂਆਂ ਨੂੰ ਵੀਜ਼ਾ ਲੈਣ ਸਮੇਂ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਕੌਰੀਡੋਰ ਬਣਨ ਨਾਲ ਵੀਜ਼ੇ ਦੀ ਬਜਾਏ ਅਸਾਨ ਅਮਲ ਵਾਲਾ ਪਰਮਿਟ ਜਾਰੀ ਕੀਤਾ ਜਾਵੇਗਾ, ਜਿਸ ਨਾਲ ਸ਼ਰਧਾਲੂ ਗੁਰਦੁਆਰੇ ਦੇ ਦਰਸ਼ਨ ਕਰ ਸਕਣਗੇ। ਡਾ. ਮਲਿਕ ਨੇ ਇਹ ਵੀ ਦੱਸਿਆ ਕਿ ਅਗਲੇ ਸਾਲ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਕਈ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਕਿਸੇ ਨੂੰ ਵੀ ਪ੍ਰੇਸ਼ਾਨੀ ਨਾ ਆਵੇ।

### ਭ੍ਰਿਸ਼ਟਾਚਾਰ ਕੇਸ ਵਿੱਚ ਨੇਤਨਯਾਹੂ ਉੱਤੇ ਦੋਸ਼ ਤੈਅ ਕਰਨ ਦੇ ਲਈ ਸਿਫਾਰਸ਼

ਯੇਰੂਸ਼ਲਮ, 3 ਦਸੰਬਰ (ਪੋਸਟ ਬਿਊਰੋ)- ਇਸਰਾਈਲ ਦੀ ਪੁਲਸ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਉਨ੍ਹਾਂ ਦੀ ਪਤਨੀ ਸਾਰਾ ਨੂੰ ਰਿਸ਼ਵਤ ਅਤੇ ਦੂਸਰੇ ਜੁਰਮਾਂ ਲਈ ਦੋਸ਼ੀ ਠਹਿਰਾਉਣ ਦੀ ਸਿਫਾਰਸ਼ ਕੀਤੀ। ਪ੍ਰਧਾਨ ਮੰਤਰੀ ਦੇ ਖਿਲਾਫ ਹਾਲ ਦੇ ਮਹੀਨੇ ਵਿੱਚ ਇਹ ਤੀਸਰੀ ਸਿਫਾਰਸ਼ ਹੈ। ਅਟਾਰਨੀ ਜਨਰਲ ਫੈਸਲਾ ਕਰਨਗੇ ਕਿ ਮਾਮਲੇ ਵਿੱਚ ਪ੍ਰਧਾਨ ਮੰਤਰੀ ਨੂੰ ਦੋਸ਼ੀ ਬਣਾਇਆ ਜਾਏ ਜਾਂ ਨਹੀਂ, ਜੋ ਟੈਲੀਕਾਮ ਕੰਪਨੀ ਬੇਜੇਕ 'ਤੇ ਬਦਲਵੇਂ ਫਾਇਦੇ ਦੇਣ ਨਾਲ ਜੁੜਿਆ ਹੈ। ਇੱਕ ਬਾਰੇ ਮੀਡੀਆ ਕੰਪਨੀ ਤੋਂ ਹਾਂ ਪੱਖੀ ਕਵਰੇਜ਼ ਬਦਲੇ ਉਸ ਨੂੰ ਲਾਭ ਪਹੁੰਚਾਉਣ ਦੇ ਦੋਸ਼ ਹਨ। ਫਰਵਰੀ ਵਿੱਚ ਪੁਲਸ ਨੇ ਨੇਤਨਯਾਹੂ ਨੂੰ ਭ੍ਰਿਸ਼ਟਾਚਾਰ ਨਾਲ ਜੁੜੇ ਦੋ ਹੋਰ ਮਾਮਲਿਆਂ ਵਿੱਚ ਦੋਸ਼ੀ ਠਹਿਰਾਉਣ ਦੀ ਸਿਫਾਰਸ਼ ਕੀਤੀ ਸੀ।

## ਹਾਂਗਕਾਂਗ ਵਿੱਚ ਲੋਕਤੰਤਰ ਪੱਖੀ ਨੇਤਾ ਨੂੰ ਸਥਾਨਕ ਚੋਣ ਲੜਨ ਤੋਂ ਰੋਕਿਆ ਗਿਆ

ਹਾਂਗਕਾਂਗ, 3 ਦਸੰਬਰ (ਪੋਸਟ ਬਿਊਰੋ)- ਚੀਨ ਦੇ ਖ਼ੁਦਮੁਖਤਾਰ ਇਲਾਕੇ ਹਾਂਗਕਾਂਗ ਵਿੱਚ ਲੋਕਤੰਤਰ ਪੱਖੀ ਨੇਤਾ ਈ ਡੀ ਚੁ ਨੂੰ ਸਥਾਨਕ ਚੋਣ ਲੜਨ ਤੋਂ ਰੋਕ ਦਿੱਤਾ ਗਿਆ ਹੈ। ਕਿਸੇ ਸਮੇਂ ਪੱਤਰਕਾਰ ਰਹਿ ਚੁੱਕੇ ਈ ਡੀ 2016 ਵਿੱਚ ਹਾਂਗਕਾਂਗ ਦੀ 70 ਮੈਂਬਰੀ ਵਿਧਾਨਕ ਕੌਂਸਲ ਦੇ ਮੈਂਬਰ ਚੁਣੇ ਗਏ ਸਨ। ਆਪਣੀ ਜ਼ਮੀਨੀ ਪਕੜ ਮਜ਼ਬੂਤ ਕਰਨ ਲਈ ਇਸ ਵਾਰੀ ਉਹ ਇਕ ਪਿੰਡ ਦੀ ਚੋਣ ਲੜਨਾ ਚਾਹੁੰਦੇ ਸਨ, ਪਰ ਚੋਣ ਕਮਿਸ਼ਨ ਨੇ ਐਤਵਾਰ ਨੂੰ ਇਹ ਕਹਿੰਦੇ ਹੋਏ ਉਨ੍ਹਾਂ ਦੀ ਉਮੀਦਵਾਰੀ ਰੱਦ ਕਰ ਦਿੱਤੀ ਕਿ ਉਹ ਕਈ ਵਾਰੀ ਚੀਨ ਤੋਂ ਹਾਂਗਕਾਂਗ ਦੀ ਆਜ਼ਾਦੀ ਦੀ ਹਮਾਇਤ ਕਰ ਚੁੱਕੇ ਹਨ। ਈ ਡੀ ਦਾ ਕਹਿਣਾ ਹੈ ਕਿ ਉਹ ਆਜ਼ਾਦੀ ਦੇ ਹਮਾਇਤੀ ਨਹੀਂ ਹਨ। ਚੋਣ ਕਮਿਸ਼ਨ ਦੇ ਫ਼ੈਸਲੇ ਖ਼ਿਲਾਫ਼ ਕੋਰਟ ਵਿੱਚ ਜਾਣ ਦੀ ਗੱਲ ਕਹਿ ਕੇ ਉਨ੍ਹਾਂ ਕਿਹਾ ਕਿ ਮੈਂ ਮਜ਼ਬੂਤ ਲੋਕ ਹਮਾਇਤ ਹਾਸਲ ਕਰ ਕੇ ਵਿਧਾਨਕ ਕੌਂਸਲ ਦਾ ਮੈਂਬਰ ਬਣਿਆ ਸੀ। ਇਸ ਤੋਂ ਪਹਿਲਾਂ ਕਿਸੇ ਵੀ ਜਨਤਕ ਅਹੁਦੇ ਬਾਰੇ ਮੇਰੀ ਯੋਗਤਾ 'ਤੇ ਕੋਈ ਸਵਾਲ ਨਹੀਂ ਖੜ੍ਹਾ ਕੀਤਾ ਗਿਆ। ਫਿਰ ਇਸ ਵਾਰੀ ਬਿਨਾਂ ਕਿਸੇ ਸੰਵਿਧਾਨਕ ਪ੍ਰਕਿਰਿਆ ਦੇ ਮੇਰੀ ਉਮੀਦਵਾਰੀ ਕਿਵੇਂ ਰੱਦ ਕੀਤੀ ਗਈ? ਹਾਂਗਕਾਂਗ ਸਰਕਾਰ ਨੇ ਵੀ ਚੋਣ ਕਮਿਸ਼ਨ ਦੇ ਫ਼ੈਸਲੇ ਦੀ ਹਮਾਇਤ ਕੀਤੀ, ਪਰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ 'ਤੇ ਕਿਸੇ ਤਰ੍ਹਾਂ ਦੀ ਰੋਕ ਤੋਂ ਇਨਕਾਰ ਕੀਤਾ।


A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





Honesty, Reliability, Commitment

HomeLife SilverCity Realty Inc. Brokerage

"Open House Until Sold"
- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.

RESP
Act immediately to get 15% Extra govt. grant of Year 2018

Visitor/Travel/Life/ Disability/Funeral Insurance





MICHELIN
Hankook
Continental
ROADLUX
BFGoodrich
AEOLUS



Chevron Delo
Special OIL CHANGE Rates

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲ੍ਹਾ

SPECIAL ON TRUCK ALIGNMENT
BRAND NEW MACHINES 2018

Brake & Drum -Made in U.S - On Special Sale!

Special Sale
4 CAT Batteries
$550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

Winter Sale Dhamaka

1715 Sismet Rd, Mississauga | Call Ranjit: 416.624.8351 | Tel: 905.625.0055

# ਸਰਕਾਰ ਦੀ ਨਜ਼ਰ ਹੁਣ ਪ੍ਰਾਈਵੇਟ ਲਾਕਰਾਂ ਵਿੱਚ ਰੱਖੇ ਕਾਲੇ ਧਨ ਉੱਤੇ ਪਈ




ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਨੋਟਬੰਦੀ ਤੋਂ ਬਾਅਦ ਪੁਰਾਣੇ ਨੋਟਾਂ ਨੂੰ ਨਵੇਂ ਨੋਟਾਂ ਵਿਚ ਬਦਲ ਕੇ ਬੈਂਕ ਵਾਲੇ ਲਾਕਰ ਜਾਂ ਘਰ ਵਿਚ ਲੁਕਾਉਣ ਦੀ ਥਾਂ ਇਨ੍ਹਾਂ ਨੋਟਾਂ ਨੂੰ ਪ੍ਰਾਈਵੇਟ ਲਾਕਰਾਂ ਵਿਚ ਲੁਕਾ ਕੇ ਰੱਖਣ ਦਾ ਕੰਮ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਸ ਦੇ ਬਾਅਦ ਪ੍ਰਾਈਵੇਟ ਲਾਕਰਾਂ 'ਤੇ ਛਾਪੇਮਾਰੀ ਸ਼ੁਰੂ ਹੋ ਗਈ ਹੈ।

ਇਨਕਮ ਟੈਕਸ ਦੇ ਅਧਿਕਾਰੀਆਂ ਨੂੰ ਮਿਲੀ ਸੂਚਨਾ ਅਨੁਸਾਰ ਦੇਸ਼ ਦੇ ਸਿਰਫ ਵੱਡੇ ਸ਼ਹਿਰਾਂ ਦੇ ਪ੍ਰਾਈਵੇਟ ਲਾਕਰਾਂ ਵਿਚ 500 ਕਰੋੜ ਜਮ੍ਹਾਂ ਹੋਣ ਦਾ ਸ਼ੱਕ ਹੈ। ਦਿੱਲੀ ਦੇ ਚਾਂਦਨੀ ਚੌਕ ਇਲਾਕੇ ਵਿਚ ਪਿੱਛੇ ਜਿਹੇ ਇਨਕਮ ਟੈਕਸ ਵਿਭਾਗ ਦੇ ਛਾਪੇ ਦੌਰਾਨ ਇਕ ਛੋਟੀ ਜਿਹੀ ਦੁਕਾਨ ਵਿਚ ਚੱਲਦੇ ਪ੍ਰਾਈਵੇਟ ਲਾਕਰ ਤੋਂ 25 ਕਰੋੜ ਰੁਪਏ ਕੈਸ਼ ਬਰਾਮਦ ਹੋਏ ਸਨ। ਇਹ ਦੁਕਾਨ ਡਰਾਈ ਫਰੂਟ ਦੀ ਹੈ, ਪਰ ਇਥੇ ਪ੍ਰਾਈਵੇਟ ਲਾਕਰ ਚਲਾਉਣ ਦਾ ਕੰਮ ਵੀ ਹੁੰਦਾ ਸੀ। ਇਸ ਬਾਰੇ ਆਮਦਨ ਟੈਕਸ ਅਧਿਕਾਰੀਆਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉੱਤੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਸਰੋਤ ਦੇ ਨਾਲ ਪ੍ਰਧਾਨ ਮੰਤਰੀ ਦਫਤਰ ਤੋਂ ਵੀ ਕਾਲੇ ਧਨ ਬਾਰੇ ਸੂਚਨਾ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਛਾਪੇ ਦਾ ਇਹ ਸਿਲਸਿਲਾ ਜਾਰੀ ਰਹੇਗਾ, ਕਿਉਂਕਿ ਦਿੱਲੀ, ਮੁੰਬਈ, ਬੈਂਗਲੁਰੂ ਵਰਗੇ ਸ਼ਹਿਰਾਂ ਵਿਚ ਵੀ ਭਾਰੀ ਮਾਤਰਾ ਵਿਚ ਕਾਲੇ ਧਨ ਦੇ ਰੂਪ ਵਿੱਚ ਨਕਦੀ ਹੋਣ ਦੀ ਸੂਚਨਾ ਹੈ। ਕੁਝ ਮਹੀਨੇ ਪਹਿਲਾਂ ਦਿੱਲੀ ਦੇ ਸਾਊਥ ਐਕਸ ਵਿੱਚ ਇੱਕ ਪ੍ਰਾਈਵੇਟ ਲਾਕਰ ਵਿੱਚ ਇਨਕਮ ਟੈਕਸ ਨੇ ਛਾਪੇਮਾਰੀ ਕੀਤੀ ਸੀ, ਜਿਸ ਦੌਰਾਨ ਕਰੋੜਾਂ ਰੁਪਏ ਬਰਾਮਦ ਕੀਤੇ ਗਏ ਸਨ।

ਆਮਦਨ ਟੈਕਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਲੋਕ ਆਮ ਤੌਰ 'ਤੇ ਭੀੜ ਵਾਲੇ ਇਲਾਕਿਆਂ ਵਿੱਚ ਛੋਟੀਆਂ ਦੁਕਾਨਾਂ ਤੋਂ ਆਪਰੇਟ ਕਰਦੇ ਹਨ। ਇਨ੍ਹਾਂ ਇਲਾਕਿਆਂ ਵਿਚ ਛਾਪੇ ਮਾਰਨੇ ਮੁਸ਼ਕਲ ਹੁੰਦੇ ਹਨ ਤੇ ਦੁਕਾਨਦਾਰ ਸ਼ੱਕ ਦੇ ਘੇਰੇ ਵਿੱਚ ਵੀ ਨਹੀਂ ਆਉਂਦੇ। ਉਹ ਲਾਕਰ ਦੀ ਦੇਖਭਾਲ ਬਦਲੇ ਮੋਟੀ ਰਕਮ ਵਸੂਲ ਰਹੇ ਹਨ। ਸਰਕਾਰ ਦੀ ਇਜਾਜ਼ਤ ਲੈ ਕੇ ਕੋਈ ਪ੍ਰਾਈਵੇਟ ਲਾਕਰ ਦਾ ਕੰਮ ਖੋਲ੍ਹ ਸਕਦਾ ਹੈ, ਪਰ ਇਥੇ ਮਿਲਦੀ ਰਕਮ ਜਾਂ ਕਿਸੇ ਵੀ ਚੀਜ਼ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੁੰਦੀ। ਜਾਣਕਾਰ ਸੂਤਰਾਂ ਮੁਤਾਬਕ ਇਨਕਮ ਟੈਕਸ ਵਿਭਾਗ ਨੂੰ ਇਹ ਸ਼ੱਕ ਹੈ ਕਿ ਦਿੱਲੀ ਦੇ ਕਈ ਥੋਕ ਵਪਾਰੀਆਂ ਦਾ ਕਾਰੋਬਾਰ ਹਵਾਲਾ ਦੇ ਪੈਸੇ ਨਾਲ ਚੱਲਦਾ ਹੈ। ਇਸ ਲਈ ਇਨ੍ਹਾਂ ਕਾਰੋਬਾਰੀਆਂ ਦੇ ਪੂਰੇ ਵਪਾਰ ਦੀ ਪੜਤਾਲ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਦਰਜਨ ਤੋਂ ਜ਼ਿਆਦਾ ਥਾਵਾਂ 'ਤੇ ਛਾਪੇਮਾਰੀ ਦੀ ਕਾਰਵਾਈ ਲਈ ਟੀਮ ਤਿਆਰ ਕੀਤੀ ਗਈ ਹੈ।

# ਬਿਨਾਂ ਇੰਜਣ ਵਾਲੀ ਟ੍ਰੇਨ 180 ਕਿਲੋਮੀਟਰ ਫੀ ਘੰਟੇ ਦੀ ਰਿਕਾਰਡ ਸਪੀਡ ਨਾਲ ਭੱਜੀ




ਨਵੀਂ ਦਿੱਲੀ, 3 ਦਸੰਬਰ (ਪੋਸਟ ਬਿਊਰੋ)- ਭਾਰਤੀ ਰੇਲਵੇ ਦੀ ਪਹਿਲੀ ਬਿਨਾਂ ਇੰਜਣ ਵਾਲੀ ਟ੍ਰੇਨ-18 ਰਫਤਾਰ ਦੇ ਮਾਮਲੇ 'ਚ ਨਵਾਂ ਰਿਕਾਰਡ ਬਣਾਉਂਦਿਆਂ 180 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਰਫਤਾਰ ਨਾਲ ਭੱਜੀ ਅਤੇ ਉਹ ਦੇਸ਼ ਵਿੱਚ ਸਭ ਤੋਂ ਤੇਜ਼ ਰਫਤਾਰ ਨਾਲ ਭੱਜਣ ਵਾਲੀ ਟ੍ਰੇਨ ਬਣ ਗਈ ਹੈ। ਇਸ ਦੀ ਰਫਤਾਰ ਨੂੰ 220 ਕਿਲੋਮੀਟਰ ਪ੍ਰਤੀ ਘੰਟਾ ਤੱਕ ਵਧਾਇਆ ਜਾ ਸਕਦਾ ਹੈ, ਜਿਸ ਬਾਰੇ ਕੰਮ ਜਾਰੀ ਹੈ।

ਇਸ ਤੋਂ ਪਹਿਲਾਂ ਵੀ ਭਾਰਤੀ ਰੇਲ ਪਟੜੀ 'ਤੇ ਟੈਲਗੋ ਟ੍ਰੇਨ 180 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜ ਚੁੱਕੀ ਹੈ, ਪਰ ਇਹ ਟ੍ਰੇਨ ਮੂਲ ਰੂਪ ਵਿੱਚ ਸਪੇਨ ਦੀ ਸੀ ਅਤੇ ਮੌਜੂਦਾ ਸਮੇਂ ਭਾਰਤ 'ਚ ਸਭ ਤੋਂ ਤੇਜ਼ ਗਤੀ ਨਾਲ ਭੱਜਣ ਵਾਲੀ ਟ੍ਰੇਨ 'ਗਤੀਮਾਨ ਐਕਸਪ੍ਰੈਸ' ਦਿੱਲੀ ਤੋਂ ਝਾਂਸੀ ਵਿਚਾਲੇ ਕਰੀਬ 160 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲਦੀ ਹੈ। ਵਰਨਣ ਯੋਗ ਹੈ ਕਿ ਅਗਲੀ ਪੀੜ੍ਹੀ ਦੀ ਬਿਨਾਂ ਇੰਜਣ ਵਾਲੀ ਟ੍ਰੇਨ-18 ਦੇ ਲਈ ਟਰਾਇਲ ਦਿੱਲੀ-ਮੁੰਬਈ ਰਾਜਧਾਨੀ ਰੂਟ 'ਤੇ ਕੀਤਾ ਜਾ ਰਿਹਾ ਹੈ। ਕੱਲ੍ਹ ਇਹ ਟ੍ਰੇਨ 170 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲੀ ਸੀ, ਪਰ ਕੱਲ੍ਹ ਇਸ ਦੀ ਰਫਤਾਰ ਰਿਕਾਰਡ 180 ਕਿਲੋਮੀਟਰ ਪ੍ਰਤੀ ਘੰਟੇ ਤੱਕ ਅੱਪੜ ਗਈ। ਰੇਲਵੇ ਮੰਤਰੀ ਪਿਊਸ਼ ਗੋਇਲ ਨੇ ਇਕ ਵੀਡੀਓ ਸ਼ੇਅਰ ਕਰਦਿਆਂ ਦੱਸਿਆ ਕਿ ਏਨੀ ਰਫਤਾਰ ਹੋਣ ਦੇ ਬਾਵਜੂਦ ਟ੍ਰੇਨ 'ਚ ਕੋਈ ਝਟਕਾ ਨਹੀਂ ਲੱਗ ਰਿਹਾ ਸੀ। ਉਨ੍ਹਾਂ ਲਿਖਿਆ ਕਿ 'ਜ਼ੋਰ ਦਾ ਝਟਕਾ ਧੀਰੇ ਸੇ ਲਗਾ' ਹੈ। ਚੇਨਈ ਦੀ ਇੰਟੈਗਰਲ ਕੋਚ ਫੈਕਟਰੀ 'ਚ 18 ਮਹੀਨਿਆਂ 'ਚ ਤਿਆਰ ਹੋਈ ਇਸ 16 ਡੱਬਿਆਂ ਦੀ ਟ੍ਰੇਨ ਨੂੰ ਬਣਾਉਣ 'ਤੇ ਕਰੀਬ 100 ਕਰੋੜ ਰੁਪਏ ਦਾ ਖਰਚ ਆਇਆ ਹੈ।

# ਏਅਰ ਫੋਰਸ ਪੇਪਰ ਲੀਕ ਕੇਸ ਦਾ ਮੁੱਖ ਦੋਸ਼ੀ ਗ੍ਰਿਫਤਾਰ

ਝੱਜਰ, 3 ਦਸੰਬਰ (ਪੋਸਟ ਬਿਊਰੋ)- ਇਕ ਲੱਖ ਦੇ ਇਨਾਮੀ ਬਦਮਾਸ਼ ਨੂੰ ਨਾਜਾਇਜ਼ ਹਥਿਆਰ ਨਾਲ ਝੱਜਰ ਪੁਲਸ ਦੀ ਇਕ ਟੀਮ ਨੇ ਥਾਣਾ ਬੇਰੀ ਏਰੀਆ ਤੋਂ ਕਾਬੂ ਕੀਤਾ ਹੈ।

ਸੀ ਆਈ ਏ ਇੰਚਾਰਜ ਝੱਜਰ ਕਮਿਸ਼ਨਰ ਯੋਗੇਸ਼ ਕੁਮਾਰ ਨੇ ਦੱਸਿਆ ਕਿ ਸੀ ਆਈ ਏ ਟੀਮ ਝੱਜਰ ਛੁਛਕਵਾਸ ਰੋਡ 'ਤੇ ਗਵਾਲੀਸਨ ਦੇ ਕੋਲ ਗਸ਼ਤ ਉਤੇ ਸੀ। ਛੁਛਕਵਾਸ ਵੱਲੋਂ ਪੈਦਲ ਆ ਰਹੇ ਇਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਗਿਆ। ਉਸ ਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ ਤੋਂ ਇਕ ਦੇਸੀ ਪਿਸਤੌਲ ਮਿਲਿਆ। ਪੁੱਛਗਿੱਛ ਵਿੱਚ ਉਸ ਦੀ ਪਛਾਣ ਜਤਿੰਦਰ ਪੁੱਤਰ ਲਾਭ ਸਿੰਘ ਵਾਸੀ ਪਿੰਡ ਭੈਣੀ ਚੰਦਰਪਾਲ ਜ਼ਿਲਾ ਰੋਹਤਕ ਹਾਲ ਸੁਰੀਆ ਨਗਰ ਲਾਢੋਤ ਰੋਡ ਰੋਹਤਕ ਦੇ ਤੌਰ 'ਤੇ ਕੀਤੀ ਗਈ। ਦੋਸ਼ੀ ਨੇ ਪੇਪਰ ਲੀਕ ਕਰਨ ਦੇ ਤਿੰਨ ਕੇਸਾਂ ਦਾ ਖੁਲਾਸਾ ਕੀਤਾ। ਉਹ ਰੋਹਤਕ ਵਿੱਚ ਹੋਏ ਏਅਰ ਫੋਰਸ ਦੇ ਪੇਪਰ ਨੂੰ ਲੀਕ ਕਰਵਾਉਣ ਦਾ ਮੁੱਖ ਦੋਸ਼ੀ ਸੀ। ਉਸ ਉੱਤੇ ਰੋਹਤਕ, ਯਮੁਨਾਨਗਰ ਅਤੇ ਭਿਵਾਨੀ ਵਿੱਚ ਪੇਪਰ ਲੀਕ ਕਰਨ ਦੇ ਵੱਖ-ਵੱਖ ਕੇਸ ਹਨ। ਰੋਹਤਕ ਪੁਲਸ ਨੇ ਉਸ ਨੂੰ ਫੜਨ ਲਈ ਉਸ 'ਤੇ ਇਕ ਲੱਖ ਰੁਪਏ ਦਾ ਇਨਾਮ ਐਲਾਨ ਕਰ ਰੱਖਿਆ ਸੀ। ਦੋਸ਼ੀ ਦੇ ਖਿਲਾਫ ਥਾਣਾ ਸਿਵਲ ਲਾਈਨ ਭਿਵਾਨੀ ਵਿੱਚ ਕਲਰਕ ਤੇ ਯਮੁਨਾਨਗਰ ਵਿੱਚ ਰੋਡਵੇਜ਼ ਦਾ ਪੇਪਰ ਲੀਕ ਕਰਾਉਣ ਦੇ ਸੰਬੰਧ ਵਿੱਚ ਕੇਸ 10 ਸਤੰਬਰ 2017 ਨੂੰ ਦਰਜ ਕੀਤਾ ਗਿਆ ਸੀ। ਯਮੁਨਾਨਗਰ ਅਤੇ ਭਿਵਾਨੀ ਵਿੱਚ ਦਰਜ ਕੇਸਾਂ ਵਿੱਚ ਉਹ ਜ਼ਮਾਨਤ 'ਤੇ ਛੁੱਟਿਆ ਸੀ।

**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

**A/Z DRIVERS/OWNER OPERATORS NEEDED FOR LOCAL & USA**

Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.

Sam Mann: 416-617-2405

Mr. Kyla: 519-821-7999 ext.222

**Matrimonial**

Marriage

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
7 Days Work · All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਜਦੋਂ ਕੱਟੜਵਾਦ ਹੋਇਆ ਕਲੀਨ ਬੋਲਡ

-ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਨੀਂਹ ਪੱਥਰ ਰੱਖ ਕੇ ਜੋ ਪੁੰਨ ਖੱਟਿਆ ਹੈ, ਉਸ ਨਾਲ ਉਨ੍ਹਾਂ ਦਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਜਾਵੇਗਾ। ਮੈਂ ਇਹ ਸਤਰਾਂ ਲਿਖਣ ਵੇਲੇ ਭਾਵੁਕ ਹਾਂ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਜਿਵੇਂ ਜ਼ਿੰਦਗੀ ਦੀ ਵੱਡੀ ਖੁਸ਼ੀ ਮਿਲ ਗਈ ਹੋਵੇ। ਦੂਜੇ ਪਲ ਭਾਰਤੀ ਨੇਤਾਵਾਂ ਦੀ ਬੇਥੱਵ੍ਹੀ ਕੱਟੜ ਤੇ ਨਫਰਤ ਭਰੀ ਬਿਆਨਬਾਜ਼ੀ ਕਾਰਨ ਉਦਾਸ ਤੇ ਪਰੇਸ਼ਾਨ ਵੀ ਹਾਂ। ਸੋਚ ਰਿਹਾ ਹਾਂ ਕਿ 71 ਸਾਲ ਦੇ ਖੂਨ ਖਰਾਬ ਤੋਂ ਇਨ੍ਹਾਂ ਨੇ ਸਬਕ ਨਹੀਂ ਸਿੱਖਿਆ। ਪਤਾ ਨਹੀਂ ਅਜੇ ਹੋਰ ਕਿੰਨਾ ਕੁ ਖੂਨ ਖਰਾਬਾ ਕਰਾਉਣਾ ਚਾਹੁੰਦੇ ਹਨ।



ਇਹ ਵੀ ਸੋਚਦਾ ਹਾਂ ਕਿ ਕ੍ਰਿਕਟ ਦੇ ਦੋ ਵੱਡੇ ਖਿਡਾਰੀਆਂ ਦੇ ਸਿਆਸੀ ਚੌਕਿਆਂ ਛੱਕਿਆਂ ਨੇ ਭਾਰਤੀ ਸਿਆਸੀ ਲੀਡਰਾਂ ਦੀ ਫਿਰਕੂ ਨਫਰਤ ਫੈਲਾ ਕੇ ਸਿਆਸੀ ਰੋਟੀਆਂ ਸੇਕਣ ਵਾਲੀ ਗੰਦੀ ਸਿਆਸਤ ਦਾ ਭਾਂਡਾ ਚੌਰਾਹੇ ਭੰਨ ਦਿੱਤਾ ਹੈ, ਉਥੇ ਹੀ ਦੋਵਾਂ ਦੇਸ਼ਾਂ 'ਚ ਵਸਦੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ ਤੇ ਕੁਰਸੀ ਲਈ ਗੰਦੀ ਸਿਆਸਤ ਖੇਡਣ ਵਾਲਿਆਂ ਦੀਆਂ ਵਿਕਟਾਂ ਉਡਾ ਦਿੱਤੀਆਂ ਹਨ। ਕਰਤਾਰਪੁਰ ਵਿਖੇ ਰੱਖੇ ਸਮਾਗਮ ਦੌਰਾਨ ਮੰਚ ਸੰਚਾਲਕ ਬੜੇ ਖੁਸ਼ ਲਹਿਜ਼ੇ ਵਿੱਚ ਭਾਰਤ-ਪਾਕਿ ਦਰਮਿਆਨ ਖੇਡੇ ਮੈਚਾਂ ਦਾ ਜ਼ਿਕਰ ਕਰ ਰਿਹਾ ਸੀ। ਉਹ ਕਹਿ ਰਿਹਾ ਸੀ ਕਿ ਸਿੱਧੂ ਨੇ ਪਾਕਿਸਤਾਨ ਖਿਲਾਫ ਕਈ ਚੌਕੇ ਛੱਕੇ ਲਾਏ, ਜਿਸ ਕਾਰਨ ਉਨ੍ਹਾਂ ਦਾ ਨਾਂ 'ਸਿਕਸਰ ਸਿੱਧੂ' ਪੈ ਗਿਆ। ਪਾਕਿਸਤਾਨ ਦੀ ਕ੍ਰਿਕਟ ਟੀਮ ਨੇ ਵੀ ਬੜੇ 'ਪਿਆਰ' ਨਾਲ ਚੌਕਿਆਂ ਛੱਕਿਆਂ ਦਾ ਜਵਾਬ ਦਿੱਤਾ। 26 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਕੋਰੀਡੋਰ ਦੇ ਉਦਘਾਟਨ ਵੇਲੇ ਭਾਰਤੀ ਸਿਆਸਤਦਾਨਾਂ ਨੇ ਕੁੱਕੜ ਖੇਹ ਉਡਾ ਕੇ ਸਭ ਨੂੰ ਸ਼ਰਮਸਾਰ ਕੀਤਾ, ਉਥੇ ਪਾਕਿਸਤਾਨ ਸਰਕਾਰ ਨੇ ਇਸ ਸਬੰਧੀ ਸਮਾਰੋਹ ਕਰਵਾ ਕੇ ਅਮਨ ਤੇ ਸ਼ਾਂਤੀ ਦਾ ਸੁਨੇਹਾ ਦਿੱਤਾ ਹੈ।

ਇਮਰਾਨ ਖਾਨ ਦੀ ਨੀਤ ਅਤੇ ਇਰਾਦਾ ਸਾਫ ਅਤੇ ਉਹ ਜ਼ਿੰਦਾਦਿਲ ਇਨਸਾਨ ਦਿੱਸਦਾ ਹੈ। ਉਸ ਦੇ ਤਕਰੀਰੀ ਬੋਲ ਸੁਣ ਕੇ ਉਨ੍ਹਾਂ ਦੀ ਜ਼ਿੰਦਾਦਿਲੀ ਮਹਿਸੂਸ ਕੀਤੀ ਜਾ ਸਕਦੀ ਹੈ। ਏਦਾਂ ਜਾਪਿਆ ਜਿਵੇਂ 1947 ਤੋਂ ਬਾਅਦ ਪਹਿਲੀ ਵਾਰ ਕਿਸੇ ਨੇ ਨਾਸੂਰ ਬਣ ਚੁੱਕੇ ਜ਼ਖਮਾਂ 'ਤੇ ਸਹੀ ਤਰ੍ਹਾਂ ਮੱਲ੍ਹਮ ਪੱਟੀ ਕਰਨ ਵਾਸਤੇ ਰੂੰ ਦਾ ਫੰਬਾ ਲਾਇਆ ਹੋਵੇ। ਸਾਰੇ ਘਟਨਾ ਚੱਕਰ ਤੋਂ ਇਹ ਗੱਲ ਨਿੱਖੜ ਕੇ ਸਾਹਮਣੇ ਆਈ ਕਿ ਦੋਵਾਂ ਦੇਸ਼ਾਂ ਦੇ ਲੋਕਾਂ 'ਚ ਕੋਈ ਦੁਸ਼ਮਣੀ ਨਹੀਂ। ਸਰਹੱਦ ਦੇ ਆਰ ਪਾਰ ਦੋਵੇਂ ਪਾਸੇ ਲੋਕਾਂ ਅੰਦਰ ਪਿਆਰ, ਸਤਿਕਾਰ ਤੇ ਭਾਈਚਾਰੇ ਦਾ ਸਮੁੰਦਰ ਠਾਠਾਂ ਮਾਰਦਾ ਹੈ। ਦੁਸ਼ਮਣੀ ਸਿਰਫ ਸਿਆਸੀ ਲੀਡਰਾਂ ਵੱਲੋਂ ਸੌੜੇ ਹਿਤਾਂ ਵਾਸਤੇ ਪੈਦਾ ਕੀਤੀ ਜਾਂਦੀ ਹੈ। ਨਵਜੋਤ ਸਿੰਘ ਸਿੱਧੂ ਦਾ ਭਾਸ਼ਣ ਜਿਥੇ ਬਹੁਤ ਮਹੀਨ ਤੇ ਭਾਵ ਪੂਰਨ ਸੀ, ਉਥੇ ਉਸ ਦੇ ਬੋਲ ਵੀ ਭਾਵੁਕਤਾ ਵਾਲੇ ਸਨ। ਹਰਸਿਮਰਤ ਕੌਰ ਬਾਦਲ ਨੇ ਵੀ ਕਾਫੀ ਅੱਛਾ ਬੋਲਿਆ। ਪਾਕਿਸਤਾਨੀ ਪੱਤਰਕਾਰਾਂ ਨੇ ਉਸ ਨੂੰ ਬੜੇ ਤਿੱਖੇ ਸਵਾਲ ਕੀਤੇ ਤੇ ਉਹ ਸਵਾਲਾਂ ਨੂੰ ਮੁਸਕਰਾ ਕੇ ਟਾਲਦੀ ਨਜ਼ਰ ਆਈ। ਹੋ ਸਕਦਾ ਹੈ ਕਿ ਉਸ ਨੂੰ ਅਹਿਸਾਸ ਹੋ ਗਿਆ ਹੋਵੇ ਕਿ ਬਿਨਾ ਸੋਚੇ ਸਮਝੇ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ।

ਰਹੀ ਗੱਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਾਂ ਕਰਤਾਰ-ਪੁਰ ਸਾਹਿਬ ਵਾਲੇ ਲਾਂਘੇ ਵਾਸਤੇ ਕੀਤੀ ਗਈ ਉਨ੍ਹਾਂ ਦੀ ਬਿਆਨਬਾਜ਼ੀ ਤੋਂ ਇਹੋ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਪੰਜਾਬ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਬਹੁਤੀ ਪਰਵਾਹ ਨਹੀਂ। ਇਹ ਕੰਧ 'ਤੇ ਉਕਰਿਆ ਸੱਚ ਹੈ ਕਿ ਦੋਵਾਂ ਦੇਸ਼ਾਂ ਨੂੰ ਆਪਸੀ ਸਬੰਧ ਸੁਧਾਰਨ ਵਾਸਤੇ ਗੱਲਬਾਤ ਦਾ ਰਸਤਾ ਅਪਣਾਉਣਾ ਪਵੇਗਾ ਤੇ ਪਾਕਿਸਤਾਨ ਅਜਿਹਾ ਰਸਤਾ ਅਪਣਾਉਣ ਵਾਸਤੇ ਵਾਰ-ਵਾਰ ਕਹਿ ਰਿਹਾ ਹੈ। ਭਾਰਤੀ ਸਿਆਸਤਦਾਨ ਗੱਲਬਾਤ ਕਰਨ ਵਾਸਤੇ ਸ਼ਰਤਾਂ ਤੈਅ ਕਰ ਰਹੇ ਹਨ। ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਦਾ ਇਹ ਇਕ ਬਹੁਤ ਸੁਨਹਿਰੀ ਮੌਕਾ ਹੈ, ਜਿਸ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਬਾਬੇ ਨਾਨਕ ਨੇ ਦੇਸ਼ ਦੇਸ਼ਾਂਤਰ 'ਚ ਕੀਤੀਆਂ ਚਾਰ ਉਦਾਸੀਆਂ ਦੌਰਾਨ ਵੱਖਰੀ ਵਿਚਾਰਧਾਰਾ ਰੱਖਣ ਵਾਲਿਆਂ ਨਾਲ ਗੋਸ਼ਟੀ ਕੀਤੀ ਤੇ ਸੰਵਾਦ ਰਚਾਇਆ। ਗੁਰੂ ਨਾਨਕ ਫੁਰਮਾਉਂਦੇ ਹਨ, 'ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ॥'

ਕਰਤਾਰਪੁਰ ਸਾਹਿਬ ਦੇ ਲਾਂਘੇ ਵਾਲਾ ਵਾਅਦਾ ਸਿਰੇ ਚੜ੍ਹਾ ਕੇ ਪਾਕਿਸਤਾਨ ਸਰਕਾਰ ਨੇ ਗੇਂਦ ਭਾਰਤ ਦੇ ਪਾਲੇ 'ਚ ਸੁੱਟ ਦਿੱਤੀ ਹੈ। ਇਹ ਭਾਰਤ ਸਰਕਾਰ 'ਤੇ ਨਿਰਭਰ ਹੈ ਕਿ ਕੀ ਰੁਖ਼ ਅਖਤਿਆਰ ਕਰਦੀ ਹੈ। ਇਮਰਾਨ ਵੱਲੋਂ ਭਾਈਚਾਰਕ ਸਾਂਝ ਤੇ ਏਕੇ ਵਾਸਤੇ ਕਦਮ ਪੁੱਟਿਆ ਗਿਆ। ਇਮਰਾਨ ਖਾਨ ਪਹਿਲਾਂ ਪਾਕਿਸਤਾਨੀ ਕ੍ਰਿਕਟ ਟੀਮ ਦੇ ਦਮਦਾਰ ਕੈਪਟਨ ਸਨ। ਹੁਣ ਆਹਲਾ ਦਰਜੇ ਦੇ ਸਿਆਸਤਦਾਨ ਹਨ। ਸਮੁੱਚਾ ਪੰਜਾਬੀ ਜਗਤ ਇਸ ਜ਼ਿੰਦਾਦਿਲੀ ਦਾ ਕਾਇਲ ਹੋ ਚੁੱਕਾ ਹੈ।

ਆਪਣੀ ਸੋਚ ਨਾਲ ਕੱਟੜਤਾ ਨੂੰ ਕਲੀਨ ਬੋਲਡ ਕਰਨ ਵਾਲੇ ਇਸ ਇਨਸਾਨ ਨੇ ਸੁਥਰੀ ਸਿਆਸੀ ਪਾਰੀ ਸ਼ੁਰੂ ਕਰ ਕੇ ਜਿਸ ਨਵੇਂ ਅਧਿਆਇ ਦੀ ਸ਼ੁਰੂਆਤ ਕੀਤੀ ਹੈ, ਉਸ ਦੀ ਗੂੰਜ ਦੁਨੀਆ 'ਚ ਪਈ ਹੈ। ਕੇਂਦਰ ਦੀ ਮੋਦੀ ਸਰਕਾਰ ਨੇ ਦੋ ਦਿਨ ਪਹਿਲਾਂ 26 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਲਾਂਘੇ ਦਾ ਨੀਂਹ ਪੱਥਰ ਰੱਖ ਕੇ ਪਹਿਲ ਕੀਤੀ ਹੈ। ਦੋ ਦਿਨ ਬਾਅਦ ਕਰਤਾਰਪੁਰ ਸਾਹਿਬ ਵਿਖੇ ਰੱਖੇ ਨੀਂਹ ਪੱਥਰ ਸਮਾਗਮ 'ਚ ਮੋਦੀ ਸਰਕਾਰ ਦੇ ਦੋ ਮੰਤਰੀ ਹਾਜ਼ਰ ਹੋਏ, ਜਿਸ ਤੋਂ ਭਾਰਤ ਦੇ ਨਰਮ ਰੁਖ਼ ਦੀ ਝਲਕ ਪਈ ਸੀ, ਪਰ ਇਮਰਾਨ ਦੇ ਬਿਆਨ ਮਗਰੋਂ ਭਾਰਤ ਦੇ ਬਿਆਨ ਤੋਂ ਸਾਫ ਹੋ ਗਿਆ ਕਿ ਸਬੰਧਾਂ 'ਚ ਕੁੜੱਤਣ ਹਾਲੇ ਰਹੇਗੀ। ਸ਼ਾਲਾ! ਦੋਵੇਂ ਮੁਲਕ ਘੁੱਗ ਵਸਣ, ਅਮਨ ਦੀ ਘੁੱਗੀ ਹਰ ਪਾਸੇ ਬੇਖੌਫ ਗੁਟਕੇ, ਮਾਵਾਂ ਦੇ ਪੁੱਤ, ਸੁਹਾਗਣਾਂ ਦੇ ਸੁਹਾਗ ਤੇ ਭੈਣਾਂ ਦੇ ਵੀਰਾਂ ਦਾ ਖੂਨ ਖਰਾਬਾ ਬੰਦ ਹੋਵੇ, ਭਾਈਚਾਰਾ ਵਧੇ ਫੁੱਲੇ, ਸਰਹੱਦਾਂ ਦੀਆਂ ਦੀਵਾਰਾਂ ਢਹਿਣ ਤੇ ਹਮਸਾਇਆਂ ਦੀਆਂ ਗਲਵੱਕੜੀਆਂ ਪੈਣ, ਚਾਰੇ ਪਾਸੇ ਖੁਸ਼ਹਾਲੀ ਦੇ ਢੋਲ ਨਗਾਰੇ ਵੱਜਣ। ਬਾਬੇ ਨਾਨਕ ਦੀ ਸਭ 'ਤੇ ਮਿਹਰ ਹੋਵੇ ਤੇ ਸਾਰਾ ਕੁਝ ਜਲਦੀ ਸਾਕਾਰ ਰੂਪ 'ਚ ਦੇਖਣ ਨੂੰ ਮਿਲੇ। ਗੰਦੀ ਤੇ ਕੱਟੜ ਸਿਆਸਤ ਦਾ ਦੋਵਾਂ ਮੁਲਕਾਂ 'ਚੋਂ ਸਫਾਇਆ ਹੋਵੇ।

# ਮੌਤ ਦੇ 74 ਸਾਲ ਬਾਅਦ ਅਮਰੀਕੀ ਫੌਜੀ ਦੀ ਲਾਸ਼ ਘਰ ਪਰਤੀ

ਵਾਸ਼ਿੰਗਟਨ, 3 ਦਸੰਬਰ (ਪੋਸਟ ਬਿਊਰੋ)- ਇਹ ਸੁਣ ਕੇ ਯਕੀਨ ਕਰ ਪਾਉਣਾ ਮੁਸ਼ਕਲ ਹੈ ਕਿ ਕੋਈ ਮੌਤ ਹੋਣ ਦੇ 74 ਸਾਲ ਬਾਅਦ ਵਾਪਸ ਘਰ ਪਰਤ ਆਇਆ ਹੈ। ਇਹ ਖਬਰ ਬਿਲਕੁਲ ਸੱਚ ਹੈ।

ਮਾਮਲਾ ਅਮਰੀਕਾ ਦੇ ਮੈਰੀਲੈਂਡ ਦਾ ਹੈ। ਰਿਚਰਡ ਮਰਫੀ ਜੂਨੀਅਰ ਉਨ੍ਹਾਂ 72 ਹਜ਼ਾਰ ਫੌਜੀਆਂ ਵਿਚੋਂ ਇਕ ਸਨ, ਜੋ ਦੂਜੇ ਵਿਸ਼ਵ ਯੁੱਧ ਵਿੱਚ ਲਾਪਤਾ ਹੋ ਗਏ ਸਨ। ਜੂਨ 1944 ਵਿੱਚ ਉੱਤਰੀ ਮਾਰੀਆਨਾਸ ਵਿਚ ਸਾਇਪਨ ਦੇ ਪੈਸੇਫਿਕ ਤੱਟ 'ਤੇ ਉਨ੍ਹਾਂ ਨੂੰ ਮਾਰਿਆ ਗਿਆ ਸੀ। ਉਸ ਸਮੇਂ ਉਹ 26 ਸਾਲ ਦੇ ਸਨ। ਉਨ੍ਹਾਂ ਦੀ ਲਾਸ਼ ਨੂੰ ਕਾਫੀ ਲੱਭਿਆ ਗਿਆ, ਪਰ ਖੋਜੀ ਉਹ ਲਾਸ਼ ਲੱਭ ਨਹੀਂ ਸਨ ਸਕੇ। ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਨੂੰ ਫਿਲੀਪੀਨ ਵਿਚ ਅਮਰੀਕੀ ਕਬਰਸਤਾਨ ਵਿਚ ਦਫਨਾਇਆ ਗਿਆ ਸੀ। ਇਸ ਸਾਲ ਰੱਖਿਆ ਵਿਭਾਗ ਨੇ ਉਨ੍ਹਾਂ ਦੀ ਪਛਾਣ ਪਤਾ ਕੀਤੀ। ਮਰਫੀ ਦੀ ਲਾਸ਼ ਸ਼ਨੀਵਾਰ ਨੂੰ ਓਥੇ ਲਿਆਂਦੀ ਗਈ, ਜਿੱਥੇ ਉਹ ਜਨਮੇ ਸਨ ਤੇ ਉਨ੍ਹਾਂ ਦੀ ਲਾਸ਼ ਨੂੰ ਉਨ੍ਹਾਂ ਦੀ ਮਾਂ ਦੀ ਲਾਸ਼ ਨਾਲ ਦਫਨਾਇਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਮਰਫੀ ਕੋਲੰਬੀਆ ਦੇ ਜ਼ਿਲੇ ਵਿਚ ਪੈਦਾ ਹੋਏ ਤੇ 4 ਭੈਣ-ਭਰਾਵਾਂ ਵਿਚੋਂ ਉਹ ਸਭ ਤੋਂ ਛੋਟੇ ਸਨ। ਉਹ ਕਾਫੀ ਗਾਲੜੀ ਤੇ ਹਸਮੁੱਖ ਸੁਭਾਅ ਦੇ ਸਨ ਤੇ ਉਨ੍ਹਾਂ ਨੂੰ ਪਿਆਨੋ ਵਜਾਉਣਾ ਪਸੰਦ ਸੀ। ਗ੍ਰੈਜੂਏਸ਼ਨ ਪੂਰੀ ਕਰਨ ਪਿੱਛੋਂ ਉਨ੍ਹਾਂ ਨੇ ਇਕ ਅਖਬਾਰ ਵਿਚ ਕੰਮ ਕੀਤਾ ਅਤੇ ਕਈ ਲੇਖ ਲਿਖੇ। ਇਸ ਪਿੱਛੋਂ ਉਨ੍ਹਾਂ ਨੇ ਯੁੱਧ ਵਿਚ ਜਾਣ ਦਾ ਵਿਚਾਰ ਕੀਤਾ। ਉਹ ਇਕ ਅੱਖ ਤੋਂ ਦੇਖ ਨਹੀਂ ਸਕਦੇ ਸੀ, ਪਰ ਇਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਲੜਾਈ ਕੋਈ ਹੋਰ ਲੜੇ। ਇਸ ਲਈ ਉਹ ਯੁੱਧ ਦੇ ਮੈਦਾਨ ਵਿਚ ਗਏ। ਕੱਲ੍ਹ ਉਨ੍ਹਾਂ ਦੇ ਅੰਤਮ ਸਸਕਾਰ ਵਿਚ ਕਰੀਬ 75 ਲੋਕ ਸ਼ਾਮਲ ਹੋਏ।

# ਮੈਟਿਸ ਨੇ ਕਿਹਾ: ਪੁਤਿਨ ਹਾਲੇ ਵੀ ਚੋਣਾਂ ਵਿੱਚ ਦਖਲ ਤੋਂ ਬਾਜ਼ ਨਹੀਂ ਆ ਰਹੇ

ਵਾਸ਼ਿੰਗਟਨ, 3 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰੱਖਿਆ ਮੰਤਰੀ ਜਿਮ ਮੈਟਿਸ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉਤੇ ਪਿਛਲੇ ਮਹੀਨੇ ਹੋਈਆਂ ਮੱਧ ਕਾਲੀ ਚੋਣਾਂ 'ਚ ਵੀ ਦਖਲ ਦੇਣ ਦਾ ਦੋਸ਼ ਲਗਾਇਆ ਹੈ।

ਵਰਨਣ ਯੋਗ ਹੈ ਕਿ ਰੂਸ 'ਤੇ 2016 'ਚ ਹੋਈਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਵੀ ਦਖਲ ਦੇਣ ਦਾ ਦੋਸ਼ ਹੈ। ਇਸੇ ਦਾ ਹਵਾਲਾ ਦਿੰਦਿਆਂ ਮੈਟਿਸ ਨੇ ਕੈਲੀਫੋਰਨੀਆ ਵਿੱਚ ਇਕ ਸੁਰੱਖਿਆ ਸੰਮੇਲਨ 'ਚ ਕਿਹਾ, 'ਪੁਤਿਨ ਨੇ ਹਾਲੇ ਤੱਕ ਸਬਕ ਨਹੀਂ ਸਿੱਖਿਆ। ਮੈਨੂੰ ਉਨ੍ਹਾਂ 'ਤੇ ਬਿਲਕੁਲ ਵੀ ਭਰੋਸਾ ਨਹੀਂ ਹੈ।' ਮੈਟਿਸ ਦਾ ਇਹ ਬਿਆਨ ਅਰਜਨਟੀਨਾ 'ਚ ਜੀ-20 ਸੰਮੇਲਨ ਦੌਰਾਨ ਪੁਤਿਨ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਧਿਕਾਰਕ ਬੈਠਕ ਰੱਦ ਹੋਣ ਦੇ ਇਕ ਦਿਨ ਬਾਅਦ ਆਇਆ ਹੈ। ਯੂਕਰੇਨ ਦੇ ਜੰਗੀ ਬੇੜਿਆਂ ਨੂੰ ਜ਼ਬਤ ਕਰਨ ਦੀ ਰੂਸੀ ਕਾਰਵਾਈ ਦੇ ਵਿਰੋਧ 'ਚ ਟਰੰਪ ਨੇ ਇਹ ਪਹਿਲਾਂ ਤੋਂ ਨਿਰਧਾਰਤ ਬੈਠਕ ਰੱਦ ਕਰ ਦਿੱਤੀ ਸੀ। ਰੂਸ ਤੇ ਅਮਰੀਕਾ ਦੇ ਰਿਸ਼ਤਿਆਂ 'ਚ ਤਣਾਅ ਵਧਣ ਦੇ ਸਵਾਲ 'ਤੇ ਮੈਟਿਸ ਨੇ ਕਿਹਾ ਕਿ ਇਸ 'ਚ ਸ਼ੱਕ ਨਹੀਂ ਕਿ ਦੋਵਾਂ ਦੇਸ਼ਾਂ ਦੇ ਸਬੰਧ ਵਿਗੜ ਗਏ ਹਨ। ਪੁਤਿਨ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ। ਅਜਿਹੇ 'ਚ ਦੇਸ਼ ਦਾ ਲੋਕਤੰਤਰ ਬਚਾਉਣ ਲਈ ਅਮਰੀਕਾ ਸਾਰੇ ਜ਼ਰੂਰੀ ਕਦਮ ਉਠਾਏਗਾ।

WELCOME TO 85 RIVERWOOD TERR. IN BOLTON

Bolton's most prestigious South Hill Neighbourhood! Rarely offered detached home with 4 bedroom & 3.5 baths. Impeccably maintained by the original owners. Professionally finished open concept basement. Beautiful curb appeal with stone steps, interlock walkway, and new front entrance door. Great layout with combined living/dining room and spacious family room with gas fireplace. Updated family size kitchen overlooks the tranquil landscaped rear yard. Turn key property and move in ready.

Offered at $799,000

Dir: 416.508.4620
Off: 416.743.5000
www.VinceManzone.com
vmanzone@rogers.com

VINCE MANZONE
SALES REPRESENTATIVE

ROYAL LePAGE
Real Estate PROFESSIONALS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0


V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

# ਸ਼ਾਹਰੁਖ ਤੋਂ ਹਾਰ ਮੰਨੀ ਮਨਮੋਹਨ ਸਿੰਘ ਨੇ




ਹੈਰਾਨ ਨਾ ਹੋਵੇ, ਇਹ ਕੋਈ ਸਿਆਸਤ ਨਾਲ ਜੁੜਿਆ ਮਾਮਲਾ ਨਹੀਂ, ਦਰਅਸਲ ਇਹ ਕੇਸ ਪੂਰੀ ਤਰ੍ਹਾਂ ਫਿਲਮੀ ਹੈ। 21 ਦਸੰਬਰ ਨੂੰ ਸ਼ਾਹਰੁਖ ਖਾਨ ਦੀ ਫਿਲਮ 'ਜੀਰੋ' ਰਿਲੀਜ਼ ਹੋਣ ਵਾਲੀ ਹੈ। ਅਜੇ ਤੱਕ ਇਸ ਫਿਲਮ ਦੇ ਰਸਤੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ 'ਤੇ ਬਣੀ ਫਿਲਮ 'ਐਨ ਐਕਸੀਡੈਂਟਲ ਪ੍ਰਾਇਮ ਮਨਿਸਟਰ' ਰੁਕਾਵਟ ਬਣੀ ਹੋਈ ਸੀ। ਇਸ ਫਿਲਮ ਦੇ ਐਲਾਨ ਦੇ ਦਿਨ ਇਸ ਨੂੰ 21 ਦਸੰਬਰ ਨੂੰ ਰਿਲੀਜ਼ ਕਰਨ ਦਾ ਐਲਾਨ ਕਰ ਦਿੱਤਾ ਗਿਆ ਸੀ, ਜਦ ਕਿ 'ਜੀਰੋ' ਦੀ ਰਿਲੀਜ਼ ਡੇਟ ਬਾਅਦ ਵਿੱਚ ਤੈਅ ਹੋਈ।



ਸੂਤਰ ਦੱਸਦੇ ਹਨ ਕਿ ਇਸ ਬਾਰੇ ਸ਼ਾਹਰੁਖ ਖਾਨ ਨੇ ਸਿੱਧੇ ਤੌਰ 'ਤੇ ਅਨੁਪਮ ਖੇਰ ਨਾਲ ਗੱਲ ਕੀਤੀ ਸੀ, ਜਿਨ੍ਹਾਂ ਨੇ ਇਸ ਫਿਲਮ ਵਿੱਚ ਮਨਮੋਹਨ ਸਿੰਘ ਦਾ ਰੋਲ ਕੀਤਾ ਹੈ। ਕਿਹਾ ਜਾਂਦਾ ਹੈ ਕਿ ਅਨੁਪਮ ਖੇਰ ਵੀ ਇਸ ਗੱਲ ਨਾਲ ਸਹਿਮਤ ਹੋ ਗਏ ਕਿ ਉਨ੍ਹਾਂ ਦੀ ਫਿਲਮ ਦਾ ਸ਼ਾਹਰੁਖ ਦੀ ਫਿਲਮ ਨਾਲ ਟਕਰਾਅ ਨਹੀਂ ਹੋਣਾ ਚਾਹੀਦਾ। ਇਸ ਦਾ ਨਤੀਜਾ ਸਾਹਮਣੇ ਆ ਗਿਆ ਹੈ। ਖਬਰ ਮਿਲੀ ਹੈ ਕਿ ਹੁਣ ਨਵੇਂ ਸਾਲ ਦੀ ਸ਼ੁਰੂਆਤ ਵਿੱਚ 11 ਜਨਵਰੀ ਨੂੰ ਰਿਲੀਜ਼ ਹੋ ਸਕਦੀ ਹੈ।

# ਪੰਜਾਬੀ ਫਿਲਮਾਂ ਵਿੱਚ ਦਿਸੇਗੀ ਜ਼ਰੀਨ

ਸਲਮਾਨ ਖਾਨ ਦੀ ਹੀਰੋਇਨ ਦੇ ਤੌਰ 'ਤੇ ਚਰਚਿਤ ਜ਼ਰੀਨ ਖਾਨ ਦਾ ਹਿੰਦੀ ਫਿਲਮਾਂ ਵਿੱਚ ਕਰੀਅਰ ਭਾਵੇਂ ਅੱਗੇ ਨਾ ਵਧਿਆ ਹੋਵੇ, ਪਰ ਖੇਤਰੀ ਫਿਲਮਾਂ ਵਿੱਚ ਉਸ ਦੇ ਲਈ ਮੌਕਿਆਂ ਦੀ ਕਮੀ ਨਹੀਂ। ਖਬਰ ਹੈ ਕਿ ਉਹ ਪੰਜਾਬੀ ਫਿਲਮਾਂ ਦੇ ਪਰਦੇ 'ਤੇ ਧਾਂਕ ਜਮਾਉਣ ਜਾ ਰਹੀ ਹੈ। ਹਾਲਾਂਕਿ ਅਜਿਹਾ ਨਹੀਂ ਹੈ ਕਿ ਉਹ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿੱਚ ਕੰਮ ਕਰਨ ਜਾ ਰਹੀ ਹੈ। ਜ਼ਰੀਨ ਨੇ ਚਾਰ ਸਾਲ ਪਹਿਲਾਂ ਇੱਕ ਪੰਜਾਬੀ ਫਿਲਮ ਵਿੱਚ ਕੰਮ ਕੀਤਾ ਸੀ, ਪਰ ਇਸ ਨੂੰ ਚੰਗੇ ਰਿਸਪਾਂਸ ਨਹੀਂ ਮਿ-ਲਆ ਸੀ। ਲੰਬੇ ਵਕਫੇ ਦੇ ਬਾਅਦ ਜ਼ਰੀਨ ਇੱਕ ਵਾਰ ਫਿਰ ਪੰਜਾਬੀ ਫਿਲਮ ਵਿੱਚ ਕੰਮ ਕਰ ਰਹੀ ਹੈ। ਉਸ ਦੀ ਇਸ ਪੰਜਾਬੀ ਫਿਲਮ ਦਾ ਨਾਂਅ ਹੈ 'ਪਠਾਨਕੋਟ', ਜਿਸ ਦੇ ਬੈਕਡ੍ਰਾਪ ਵਿੱਚ ਪਾਕਿਸਤਾਨ ਵੱਲੋਂ ਕੀਤਾ ਅੱਤਵਾਦੀ ਹਮਲਾ ਹੈ। ਹਿੰਦੀ ਵਿੱਚ ਇਸੇ ਵਿਸ਼ੇ 'ਤੇ 'ਉੜੀ' ਨਾਂਅ ਤੋਂ ਫਿਲਮ ਵੀ ਬਣ ਰਹੀ ਹੈ, ਜਿਸ ਦੀਆਂ ਮੁੱਖ ਭੂਮਿਕਾਵਾਂ ਵਿੱਚ ਵਿੱਕੀ ਕੌਸ਼ਲ ਅਤੇ ਯਾਮੀ ਗੌਤਮ ਨੇ ਕੰਮ ਕੀਤਾ ਹੈ।

ਪੰਜਾਬੀ ਫਿਲਮ 'ਪਠਾਨਕੋਟ' ਵਿੱਚ ਜ਼ਰੀਨ ਦਾ ਕਿਰਦਾਰ ਪਿੰਡ ਦੀ ਭੋਲੀ-ਭਾਲੀ ਕੁੜੀ ਦਾ ਹੈ, ਜਿਸ ਦੀ ਜ਼ਿੰਦਗੀ ਇਸ ਅੱਤਵਾਦੀ ਹਮਲੇ ਨਾਲ ਪੂਰੀ ਤਰ੍ਹਾਂ ਬਦਲ ਜਾਂਦੀ ਹੈ। ਜ਼ਰੀਨ ਦਾ ਕਹਿਣਾ ਹੈ ਕਿ ਭਾਸ਼ਾ ਚੰਗੇ ਸਿਨੇਮਾ ਲਈ ਰੁਕਾਵਟ ਨਹੀਂ ਬਣਦੀ ਤੇ ਜੇ ਕਹਾਣੀ ਤੇ ਕਿਰਦਾਰ ਦਿਲਚਸਪ ਹੈ ਤਾਂ ਭਾਸ਼ਾ ਜਾਂ ਕਿਸੇ ਹੋਰ ਪਹਿਲੂ 'ਤੇ ਉਹ ਧਿਆਨ ਨਹੀਂ ਦਿੰਦੀ।



# ਕਿਆਰਾ ਅਤੇ ਦਿਲਜੀਤ ਨੇ ਸ਼ੁਰੂ ਕੀਤੀ 'ਗੁਡ ਨਿਊਜ਼' ਦੀ ਸ਼ੂਟਿੰਗ

ਕਿਆਰਾ ਅਡਵਾਨੀ ਅਤੇ ਦਿਲਜੀਤ ਦੁਸਾਂਝ ਪਹਿਲੀ ਵਾਰ ਕਰਣ ਜੌਹਰ ਦੀ ਫਿਲਮ 'ਗੁਡ ਨਿਊਜ਼' ਵਿੱਚ ਇਕੱਠੇ ਦਿਖਾਈ ਦੇਣਗੇ। ਦੋਵੇਂ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਚੁੱਕੇ ਹਨ। ਫਿਲਮ ਵਿੱਚ ਕਰੀਨਾ ਕਪੂਰ ਅਤੇ ਅਕਸ਼ੈ ਕੁਮਾਰ ਵੀ ਹਨ। ਇਸ ਫਿਲਮ ਨੂੰ ਰਾਜ ਮਹਿਤਾ ਡਾਇਰੈਕਟ ਕਰ ਰਹੇ ਹਨ।

ਇਸ ਦਾ ਪਹਿਲਾ ਸ਼ਡਿਊਲ ਕਿਆਰਾ ਅਤੇ ਦਿਲਜੀਤ ਦੇ ਨਾਲ ਸ਼ੂਟ ਹੋਵੇਗਾ। ਕਰੀਨਾ ਤੇ ਅਕਸ਼ੈ ਇਸ ਫਿਲਮ ਦੀ ਸ਼ੂਟਿੰਗ ਬਾਅਦ ਵਿੱਚ ਕਰਨਗੇ। ਫਿਲਮ ਦੀ ਕਹਾਣੀ ਪੇਰੈਂਟਿੰਗ ਦੇ ਆਲੇ-ਦੁਆਲੇ ਲਿਖੀ ਗਈ ਹੈ। ਪਹਿਲਾਂ ਕਿਆਰਾ ਨੂੰ ਕਾਰਤਿਕ ਦੇ ਆਪੋਜ਼ਿਟ ਲਿਆ ਗਿਆ ਸੀ। ਬਾਅਦ ਵਿੱਚ ਦਿਲਜੀਤ ਦੁਸਾਂਝ ਬੋਰਡ 'ਤੇ ਆ ਗਏ। ਇਹ ਫਿਲਮ ਅਗਲੇ ਸਾਲ ਜੁਲਾਈ ਵਿੱਚ ਰਿਲੀਜ਼ ਹੋਵੇਗੀ।



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
**SPECIAL**
Forklift Re-Certification Only $69
Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8



Karnail Singh




Life is complicated. Insurance doesn't have to be.

Switch to State Farm®
and receive even further savings when you combine home and auto.



We'll find the best policies to fit your life and advise you of opportunities for potential savings.

*Better things are just around the corner.*
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

State Farm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.

***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.

1810928CN


# ਆਸਟ੍ਰੇਲੀਆ ਜੇਕਰ ਸੀਰੀਜ਼ 'ਚ ਭਾਰਤ ਖਿਲਾਫ 4-0 ਜਿੱਤ ਦਰਜ ਕਰੇਗਾ ਤਾਂ ਟੈਸਟ ਰੈਂਕਿੰਗ 'ਚ ਨੰਬਰ ਇੱਕ ਬਣ ਜਾਵੇਗਾ



ਦੁਬਈ, 3 ਦਸੰਬਰ (ਪੋਸਟ ਬਿਊਰੋ): ਭਾਰਤ ਦੀ ਨੰਬਰ ਇੱਕ ਟੈਸਟ ਰੈਂਕਿੰਗ ਆਸਟਰੇਲੀਆ ਖਿਲਾਫ਼ ਚਾਰ ਟੈਸਟ ਮੈਚਾਂ ਦੀ ਲੜੀ ਦੌਰਾਨ ਦਾਅ 'ਤੇ ਲੱਗੀ ਹੋਵੇਗੀ। ਜੇਕਰ ਮਹਿਮਾਨ ਟੀਮ ਇੱਕ ਮੈਚ ਡਰਾਅ ਕਰਵਾ ਲੈਂਦੀ ਹੈ ਤਾਂ ਉਸ ਦੀ ਸੀਨੀਅਰ ਰੈਂਕਿੰਗ ਬਚ ਸਕਦੀ ਹੈ। ਆਸਟਰੇਲੀਆ ਇਸ ਵੇਲੇ ਆਈਸੀਸੀ ਰੈਂਕਿੰਗਜ਼ ਵਿੱਚ ਪੰਜਵੇਂ ਸਥਾਨ 'ਤੇ ਚੱਲ ਰਿਹਾ ਹੈ। ਆਈਸੀਸੀ ਨੇ ਬਿਆਨ ਵਿੱਚ ਕਿਹਾ, ''ਆਸਟਰੇਲੀਆ ਜੇਕਰ 4-0 ਨਾਲ ਜਿੱਤ ਦਰਜ ਕਰਦਾ ਹੈ ਤਾਂ ਟੈਸਟ ਰੈਂਕਿੰਗ ਵਿੱਚ ਨੰਬਰ ਇੱਕ ਬਣ ਜਾਵੇਗਾ। ਭਾਰਤ ਨੂੰ ਪਹਿਲੇ ਸਥਾਨ 'ਤੇ ਕਾਇਮ ਰਹਿਣ ਲਈ ਸਿਰਫ਼ ਇੱਕ ਟੈਸਟ ਡਰਾਅ ਕਰਵਾਉਣ ਦੀ ਲੋੜ ਹੈ।''

ਸਿਖਰਲੇ 20 ਬੱਲੇਬਾਜ਼ਾਂ ਦੀ ਸੂਚੀ ਵਿੱਚ ਕੋਈ ਬਦਲਾਅ ਨਹੀਂ ਹੋਇਆ, ਜਿਸ ਵਿੱਚ ਭਾਰਤੀ ਕਪਤਾਨ ਵਿਰਾਟ ਕੋਹਲੀ ਪਹਿਲੇ ਸਥਾਨ 'ਤੇ ਚੱਲ ਰਿਹਾ ਹੈ। ਆਸਟਰੇਲੀਆ ਦੇ ਪਾਬੰਦੀਸ਼ੁਦਾ ਬੱਲੇਬਾਜ਼ ਸਟੀਵ ਸਮਿੱਥ ਅਤੇ ਨਿਊਜ਼ੀਲੈਂਡ ਦੇ ਕੇਨ ਵਿਲੀਅਮਸਨ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਗੇਂਦਬਾਜ਼ਾਂ ਦੀ ਸੂਚੀ ਵਿੱਚ ਰਵਿੰਦਰ ਜਡੇਜਾ ਪੰਜਵੇਂ ਸਥਾਨ ਨਾਲ ਸੀਨੀਅਰ ਭਾਰਤੀ ਗੇਂਦਬਾਜ਼ ਹੈ। ਰਵੀਚੰਦਰਨ ਅਸ਼ਵਿਨ ਸੱਤਵੇਂ ਸਥਾਨ 'ਤੇ ਬਰਕਰਾਰ ਹੈ। ਚਾਰ ਟੈਸਟ ਮੈਚਾਂ ਦੀ ਲੜੀ ਦੀ ਸ਼ੁਰੂਆਤ ਵੀਰਵਾਰ ਨੂੰ ਐਡੀਲੇਡ ਵਿੱਚ ਹੋਵੇਗੀ। ਭਾਰਤ ਦੇ ਇਸ ਵੇਲੇ 116, ਜਦਕਿ ਆਸਟਰੇਲੀਆ ਦੇ 102 ਅੰਕ ਹਨ। ਆਈਸੀਸੀ ਨੇ ਕਿਹਾ, ''14 ਅੰਕਾਂ ਦੇ ਫ਼ਰਕ ਦਾ ਮਤਲਬ ਹੈ ਕਿ ਭਾਰਤ ਤੋਂ ਆਸਾਨੀ ਨਾਲ ਲੜੀ ਜਿੱਤਣ ਦੀ ਉਮੀਦ ਕੀਤੀ ਜਾਂਦੀ ਹੈ। ਆਪਣੀ ਅਸਫਲਤਾ ਕਾਰਨ ਏਸ਼ਿਆਈ ਟੀਮ ਨੂੰ ਅੰਕ ਗੁਆਉਣੇ ਪੈਣਗੇ।'' - ਪੀਟੀਆਈ

ਆਸਟਰੇਲੀਆ ਦੇ ਸਾਬਕਾ ਕਪਤਾਨ ਰਿੱਕੀ ਪੌਂਟਿੰਗ ਨੇ ਕਿਹਾ ਕਿ ਵਿਰਾਟ ਕੋਹਲੀ ਨੂੰ ਹੁਣ ਵੀ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ। ਆਸਟਰੇਲਿਆਈ ਟੀਮ ਨੂੰ ਹੱਥ 'ਤੇ ਹੱਥ ਧਰਕੇ ਬੈਠਣ ਅਤੇ ਭਾਰਤੀ ਕਪਤਾਨ ਨੂੰ ਹਾਵੀ ਹੋਣ ਦੇਣ ਦੀ ਥਾਂ ਉਸ ਨੂੰ ਪ੍ਰੇਸ਼ਾਨ ਕਰਨਾ ਚਾਹੀਦਾ ਹੈ। ਭਾਰਤ ਅਤੇ ਆਸਟਰੇਲੀਆ ਵਿਚਾਲੇ ਚਾਰ ਟੈਸਟ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਵੀਰਵਾਰ ਤੋਂ ਸ਼ੁਰੂ ਹੋਵੇਗਾ। ਸਾਬਕਾ ਆਸਟਰੇਲਿਆਈ ਬੱਲੇਬਾਜ਼ ਡੀਨ ਜੋਹਨਸ ਨੇ ਕੋਹਲੀ ਨੂੰ ਨਾ ਉਕਸਾਹੁਣ ਦੀ ਸਲਾਹ ਦਿੱਤੀ ਹੈ। ਕੋਹਲੀ ਆਪਣੇ ਪਿਛਲੇ ਆਸਟਰੇਲਿਆਈ ਦੌਰੇ ਦੇ ਮੁਕਾਬਲੇ ਕੁੱਝ ਨਰਮ ਹੈ। ਜਦੋਂ ਇਸ ਬਾਰੇ ਪੌਂਟਿੰਗ ਤੋਂ ਪੁੱਛਿਆ ਗਿਆ ਕਿ ਕੀ ਆਸਟਰੇਲੀਆ ਆਪਣੇ ਮੈਦਾਨ 'ਤੇ ਉਸ ਨੂੰ ਜਾਲ ਵਿੱਚ ਫਸਾ ਸਕਦਾ ਹੈ। ਉਸ ਨੇ ਕਿਹਾ, ''ਹਾਂ, ਅਜਿਹਾ ਹੋ ਸਕਦਾ ਹੈ। ਮੈਨੂੰ ਨਹੀਂ ਲਗਦਾ ਕਿ ਉਹ ਅਜਿਹਾ ਖਿਡਾਰੀ ਹੈ, ਜਿਸ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ। ਮੈਂ ਉਸ ਨੂੰ ਪ੍ਰੇਸ਼ਾਨ ਹੁੰਦੇ ਵੇਖਿਆ ਹੈ।'' ਉਸ ਨੇ ਕਿਹਾ ਕਿ ਜੇਕਰ ਮੌਜੂਦਾ ਟੀਮ ਹਮਲਾਵਰ ਮਾਨਸਿਕਤਾ ਨਾਲ ਨਹੀਂ ਖੇਡਦੀ ਤਾਂ ਇਹ ਗ਼ਲਤ ਹੋਵੇਗਾ।

# ਨਿਸ਼ਾਨੇਬਾਜ਼ੀ 'ਚ ਮਹੇਸ਼ਵਰੀ ਚੌਹਾਨ ਨੇ ਆਪਣਾ ਖਿਤਾਬ ਬਰਕਰਾਰ ਰੱਖਿਆ



ਜੈਪੁਰ, 3 ਦਸੰਬਰ (ਪੋਸਟ ਬਿਊਰੋ): ਰਾਜਸਥਾਨ ਦੀ ਮਹੇਸ਼ਵਰੀ ਚੌਹਾਨ ਨੇ ਇੱਥੇ ਚੱਲ ਰਹੀ 62ਵੀਂ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ (ਐਨਐਸਸੀ) ਵਿੱਚ ਅੱਜ ਮਹਿਲਾ ਸਕੀਟ ਮੁਕਾਬਲੇ ਦਾ ਆਪਣਾ ਖਿਤਾਬ ਬਰਕਰਾਰ ਰੱਖਿਆ। ਮਹੇਸ਼ਵਰੀ ਨੇ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਦੀ ਗਨੀਮਤ ਸੇਖੋਂ ਨੂੰ ਪਛਾੜਿਆ। ਉਸ ਨੇ ਫਾਈਨਲ ਵਿੱਚ 52, ਜਦਕਿ ਗਨੀਮਤ ਨੇ 51 ਅੰਕ ਲਏ।

ਕਾਂਸੀ ਦਾ ਤਗ਼ਮਾ ਪੰਜਾਬ ਦੀ ਸਿਮਰਨਪ੍ਰੀਤ ਜੌਹਲ ਨੂੰ ਮਿਲਿਆ, ਜਿਸ ਨੇ ਬਾਅਦ ਵਿੱਚ ਹੋਰ ਮੁਕਾਬਲਿਆਂ ਵਿੱਚ ਤਿੰਨ ਸੋਨ ਤਗ਼ਮੇ ਜਿੱਤੇ। ਸਿਮਰਨ ਨੇ ਮਹਿਲਾ ਟੀਮ, ਜੂਨੀਅਰ ਮਹਿਲਾ ਅਤੇ ਜੂਨੀਅਰ ਮਹਿਲਾ ਟੀਮ ਵਿੱਚ ਸੋਨ ਤਗ਼ਮੇ ਜਿੱਤੇ। ਸਿਮਰਨ ਪਰਿਨਾਜ਼ ਅਤੇ ਗਨੀਮਤ ਮਹਿਲਾਵਾਂ ਦੇ ਸਕੀਟ ਮੁਕਾਬਲੇ ਦੌਰਾਨ 342 ਅੰਕ ਬਣਾ ਕੇ ਚੋਟੀ 'ਤੇ ਰਹੀਆਂ। ਰਾਜਸਥਾਨ ਨੂੰ ਇਸ ਵਰਗ ਦਾ ਚਾਂਦੀ ਅਤੇ ਤੇਲੰਗਾਨਾ ਨੂੰ ਕਾਂਸੀ ਦਾ ਤਗ਼ਮਾ ਮਿਲਿਆ।


Real Estate Exam Prep

Hurry UP, Rules are Changing!
To get Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

